© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

Paper Id: ARMN040316
Volume 4, Issue 3| July-Sep. 2026
Available online at: www.armaan.org.in
DOI Link: https://doi.org/10.64119/armaan.vol.4.issue3.16

| DOI | Received Date | Accepted Date | Published Date |
|---|---|---|---|
| 10.64119/armaan.vol.4.issue3.16 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਪੰਜਾਬੀ ਨਾਵਲ ਦੇ ਨਾਰੀ ਪਾਤਰ : ਬਦਲਦੇ ਸੰਦਰਭ

## Punjabi Naval De Nari Patar: Badlde Sandarbh

**ਡਾ. ਪਰਮਜੀਤ ਕੌਰ ਸਿੱਧੂ (Dr. Parmjeet Kaur Sidhu)**
ਐਸੋਸੀਏਟ ਪ੍ਰੋਫੈਸਰ ਅਤੇ ਮੁਖੀ (Associate Professor & Chairperson)
ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ-160014
ORCID: 0009-0005-9987-8562
*E-Mail:* parmjeetsidhu@gmail.com

### *ਸਾਰ (Abstract)*

*ਇਸ ਖੋਜ-ਪੱਤਰ ਵਿੱਚ ਪੰਜਾਬੀ ਨਾਵਲ ਦੇ ਵਿਕਾਸ-ਕ੍ਰਮ ਦੇ ਵੱਖ-ਵੱਖ ਪੜਾਵਾਂ ਵਿੱਚ ਸਿਰਜੇ ਗਏ ਨਾਰੀ ਪਾਤਰਾਂ ਦੇ ਬਦਲਦੇ ਸਰੂਪ, ਸੰਦਰਭ ਅਤੇ ਚੇਤਨਾ ਦਾ ਅਧਿਐਨ ਕੀਤਾ ਗਿਆ ਹੈ। ਅਧਿਐਨ ਦਾ ਮੂਲ ਆਧਾਰ ਇਹ ਧਾਰਨਾ ਹੈ ਕਿ ਸਾਹਿਤਕ ਪਾਤਰ ਆਪਣੇ ਸਮਾਜਿਕ-ਸਭਿਆਚਾਰਕ ਪਰਿਵੇਸ਼ ਤੋਂ ਨਿਖੜੇ ਹੋਏ ਨਹੀਂ ਹੁੰਦੇ, ਸਗੋਂ ਉਹ ਆਪਣੇ ਸਮੇਂ ਦੀਆਂ ਸਮਾਜਿਕ ਕਦਰਾਂ-ਕੀਮਤਾਂ, ਮਾਨਤਾਵਾਂ, ਸੱਤਾ-ਸੰਬੰਧਾਂ ਅਤੇ ਅੰਤਰ-ਵਿਰੋਧਾਂ ਨੂੰ ਆਪਣੇ ਵਿੱਚ ਸਮੋਈ ਰੱਖਦੇ ਹਨ। ਇਸੇ ਪ੍ਰਸੰਗ ਵਿੱਚ ਪੰਜਾਬੀ ਨਾਵਲ ਦੇ ਨਾਰੀ ਪਾਤਰਾਂ ਨੂੰ ਬਦਲਦੇ ਸਮਾਜਿਕ ਸੰਦਰਭਾਂ ਦੇ ਸਮਾਂਤਰ ਵਾਚਿਆ ਗਿਆ ਹੈ। ਅਧਿਐਨ ਲਈ ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਸਮਕਾਲੀ ਪੰਜਾਬੀ ਨਾਵਲਕਾਰਾਂ ਸਮੇਤ ਮਨਮੋਹਨ ਬਾਵਾ, ਬਲਬੀਰ ਪਰਵਾਨਾ, ਜਸਵਿੰਦਰ, ਸੁਰਿੰਦਰ ਨੀਰ ਅਤੇ ਪਰਵਾਸੀ ਨਾਵਲਕਾਰਾਂ ਮਹਿੰਦਰਪਾਲ ਸਿੰਘ ਧਾਲੀਵਾਲ, ਸੰਤੋਖ ਧਾਲੀਵਾਲ, ਨਕਸ਼ਦੀਪ ਪੰਜਕੋਹਾ ਅਤੇ ਬਲਵੀਰ ਕੌਰ ਸੰਘੇੜਾ ਦੀਆਂ ਚੋਣਵੀਆਂ ਰਚਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਨਾਵਲ ਵਿੱਚ ਨਾਰੀ ਦਾ ਬਿੰਬ ਮੁੱਢਲੇ ਦੌਰ ਦੀ ਸਤਵੰਤੀ, ਤਿਆਗਮਈ ਅਤੇ ਆਦਰਸ਼ਕ ਨਾਰੀ ਤੋਂ ਵਿਕਸਤ ਹੁੰਦਾ ਹੋਇਆ ਸਮਾਜਿਕ ਅਨਿਆਂ ਪ੍ਰਤੀ ਸੁਚੇਤ, ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਅਤੇ ਆਪਣੀ ਸੁਤੰਤਰ ਹੋਂਦ ਦੀ ਪਛਾਣ ਪ੍ਰਤੀ ਜਾਗਰੂਕ ਨਾਰੀ ਤੱਕ ਪਹੁੰਚਦਾ ਹੈ। ਸਮਕਾਲੀ ਅਤੇ ਪਰਵਾਸੀ ਪੰਜਾਬੀ ਨਾਵਲ ਵਿੱਚ ਨਾਰੀ ਦੀਆਂ ਅੰਤਰਮੁਖਤਾਵਾਂ, ਦੇਹ, ਇੱਛਾ, ਆਜ਼ਾਦੀ, ਆਰਥਿਕ ਸਵੈ-ਨਿਰਭਰਤਾ, ਪਛਾਣ ਅਤੇ ਫ਼ੈਸਲਾ-ਸਮਰੱਥਾ ਨਾਲ ਜੁੜੇ ਨਵੇਂ ਪੱਖ ਵੀ ਉਭਰਦੇ ਹਨ। ਇਸ ਦੇ ਬਾਵਜੂਦ ਪੰਜਾਬੀ ਨਾਵਲ ਵਿੱਚ ਨਾਰੀ ਦਾ ਭਾਰੂ ਬਿੰਬ ਅਜੇ ਵੀ ਰਵਾਇਤੀ ਹੈ ਅਤੇ ਉਹ ਬਹੁਤ ਵਾਰ ਸਹਾਇਕ ਪਾਤਰ ਦੀ ਭੂਮਿਕਾ ਤੱਕ ਸੀਮਿਤ ਰਹਿੰਦੀ ਹੈ। ਇਸ ਲਈ ਬਦਲਦੇ ਸਮੇਂ ਦੀ ਸੁਤੰਤਰ, ਬਹੁ-ਪੱਖੀ ਅਤੇ ਸ਼ਕਤੀਸ਼ਾਲੀ ਨਾਰੀ ਦਾ ਸੰਪੂਰਨ ਗਲਪੀ ਬਿੰਬ ਪੰਜਾਬੀ ਨਾਵਲ ਵਿੱਚ ਅਜੇ ਤਕ ਭਰਵੇਂ ਰੂਪ ਵਿੱਚ ਨਹੀਂ ਉਭਰ ਸਕਿਆ।*

### *ਮੁੱਖ-ਸ਼ਬਦ (Keywords)*

*ਨਾਵਲ, ਪਾਤਰਾਂ ਦਾ ਰਚਨਾਤਮਕ ਅਮਲ, ਨਾਰੀ ਪਾਤਰ, ਨਾਰੀ ਚੇਤਨਾ, ਨਾਰੀ ਹੋਂਦ, ਪਿਤਰਕੀ, ਸਮਾਜਿਕ-ਸਭਿਆਚਾਰਕ ਸੰਦਰਭ।*

ਨਾਵਲ ਆਧੁਨਿਕ ਦੌਰ ਦੀ ਸਭ ਤੋਂ ਸਮਰੱਥ ਵਿਧਾ ਹੈ ਜੋ ਵਰਤਮਾਨ ਯੁੱਗ ਦੇ ਮਨੁੱਖੀ ਜੀਵਨ ਦੀਆਂ ਜਟਿਲਤਾਵਾਂ ਨੂੰ ਵਿਸਤ੍ਰਿਤ ਰੂਪ ਵਿੱਚ ਆਪਣੇ ਕਲੇਵਰ ਵਿੱਚ ਸਮੇਟਣ ਦੀ ਸਮਰੱਥਾ ਰੱਖਦਾ ਹੈ। ਪਾਠਕ ਨੂੰ ਅਨੰਦ ਦੇਣ ਤੋਂ ਲੈ ਕੇ ਗਿਆਨ ਦਾ ਸ੍ਰੋਤ ਬਣਨ ਤੱਕ ਦੀ ਸਮਰੱਥਾ ਇਸ ਵਿੱਚ ਮੌਜੂਦ ਹੈ। ਵਿਸ਼ਵ ਪੱਧਰ 'ਤੇ ਇਹ ਵਿਧਾ ਮੂਲ ਰੂਪ ਵਿੱਚ ਸਨਅਤੀਕਰਨ ਦੇ ਦੌਰ ਵਿੱਚ ਪੈਦਾ ਹੋਈ ਮੱਧ ਸ਼੍ਰੇਣਿਕ ਚੇਤਨਾ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਜਦੋਂ ਸਾਹਿਤ ਦੀਆਂ ਪ੍ਰਚੱਲਿਤ ਵਿਧਾਵਾਂ ਸਮਾਜਿਕ ਵਿਵਸਥਾ ਵਿੱਚੋਂ ਉਪਜੇ ਮਾਨਵੀ ਮੁੱਲਾਂ ਅਤੇ ਅੰਤਰ-ਵਿਰੋਧਾਂ ਨੂੰ ਪ੍ਰਗਟਾਉਣ ਤੋਂ ਅਸਮਰੱਥ ਹੋ ਜਾਂਦੀਆਂ ਹਨ ਤਾਂ ਬਦਲੀਆਂ ਜੀਵਨ ਕੀਮਤਾਂ ਅਤੇ ਅੰਤਰ-ਵਿਰੋਧਾਂ ਨੂੰ ਪ੍ਰਗਟਾਉਣ ਲਈ ਸਾਹਿਤ ਦੀਆਂ ਨਵੀਆਂ ਵਿਧਾਵਾਂ ਹੋਂਦ ਵਿੱਚ ਆਉਂਦੀਆਂ ਹਨ। ਨਾਵਲ ਵੀ ਇਸੇ ਪ੍ਰਕ੍ਰਿਆ ਅਧੀਨ ਹੋਂਦ ਗ੍ਰਹਿਣ ਕਰਦਾ ਹੈ। ਜਗੀਰਦਾਰੀ ਪ੍ਰਬੰਧ ਦੇ ਸਰਮਾਏਦਾਰੀ ਪ੍ਰਬੰਧ ਵਿੱਚ ਪਰਿਵਰਤਨ ਨਾਲ ਜਗੀਰਦਾਰੀ ਪ੍ਰਬੰਧ ਵਾਲੀ ਸਾਹਿਤਕ ਵਿਧਾ ਮਹਾਂਕਾਵਿ ਨਾਵਲ ਵਿੱਚ ਪਰਿਵਰਤਿਤ ਹੋ ਗਈ। ਇਹ ਪੂੰਜੀਵਾਦੀ ਪ੍ਰਬੰਧ ਵਿਚਲੇ ਅੰਤਰ ਵਿਰੋਧਾਂ ਅਤੇ ਜਟਿਲਤਾਵਾਂ ਨੂੰ ਸਮੁੱਚਤਾ ਵਿੱਚ ਪ੍ਰਗਟਾਉਣ ਵਾਲੀ ਵਿਧਾ ਹੈ। ਭਾਰਤ ਵਿਚਲੀਆਂ ਸਥਾਨਕ ਭਾਸ਼ਾਵਾਂ ਵਿੱਚ ਸਾਹਿਤ ਦਾ ਇਹ

ਆਧੁਨਿਕ ਰੂਪ ਬਸਤੀਵਾਦੀ ਵਰਤਾਰੇ ਅਧੀਨ ਹੋਂਦ ਵਿੱਚ ਆਇਆ। ਇਸ ਤਰ੍ਹਾਂ ਭਾਰਤੀ ਭਾਸ਼ਾਵਾਂ ਵਿੱਚ ਪੈਦਾ ਹੋਇਆ ਇਹ ਰੂਪ ਪੱਛਮੀ ਨਾਵਲ ਵਾਂਗ ਕਿਸੇ ਸਹਿਜ ਵਿਕਾਸ ਦਾ ਸਿੱਟਾ ਨਹੀਂ ਸਗੋਂ ਆਰੋਪਿਤ ਪ੍ਰਭਾਵਾਂ ਦੀ ਦੇਣ ਹੈ।

ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਪਾਤਰਾਂ ਦਾ ਰਚਨਾਤਮਕ ਅਮਲ ਵੱਖ-ਵੱਖ ਰੂਪਾਂ ਵਿੱਚ ਕ੍ਰਿਆਸ਼ੀਲ ਹੁੰਦਾ ਹੈ। ਪਾਤਰ ਕਿਸੇ ਸਾਹਿਤਕ ਰਚਨਾ ਦੀ ਮਹੱਤਵਪੂਰਨ ਕੜੀ ਹੁੰਦੇ ਹਨ ਜਿਨ੍ਹਾਂ ਰਾਹੀਂ ਲੇਖਕ ਨੇ ਆਪਣਾ ਅਨੁਭਵ, ਆਪਣੀ ਵਿਚਾਰਧਾਰਾ ਅਤੇ ਆਪਣੀ ਦ੍ਰਿਸ਼ਟੀ ਦਾ ਸੰਚਾਰ ਕਰਨਾ ਹੁੰਦਾ ਹੈ। ਪਰ ਇਸ ਦੇ ਬਾਵਜੂਦ ਇਹ ਪਾਤਰ ਲੇਖਕ ਜਾਂ ਰਚਨਾਕਾਰ ਦੇ ਮਹਿਜ਼ ਕਰਿੰਦੇ ਨਹੀਂ ਹੋਣੇ ਚਾਹੀਦੇ, ਸਗੋਂ ਪਾਤਰਾਂ ਦੀ ਖ਼ੁਦਮੁਖ਼ਤਿਆਰੀ ਕਿਸੇ ਰਚਨਾ ਦੀ ਕਲਾਤਮਕ ਉੱਚਤਾ ਦੀ ਜ਼ਾਮਨ ਹੁੰਦੀ ਹੈ। ਸਾਡੇ ਵਸਤੂਗਤ ਪ੍ਰਬੰਧ ਵਿਚਲਾ ਵਿਅਕਤੀ ਹੀ ਸਾਹਿਤਕ ਰਚਨਾ ਵਿਚਲਾ ਪਾਤਰ ਹੁੰਦਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਰਚਨਾ ਵਿਚਲਾ ਪਾਤਰ ਰਚਨਾਕਾਰ ਦੀ ਸਿਰਜਨਾਤਮਕ ਸ਼ਕਤੀ ਅਤੇ ਸਮਰੱਥਾ ਅਧੀਨ ਵਿਚਰਦਾ ਹੈ, ਜਦ ਕਿ ਵਸਤੂਗਤ ਵਰਤਾਰੇ ਵਿਚਲਾ ਵਿਅਕਤੀ ਇੱਕ ਖ਼ਾਸ ਸਮਾਜਿਕ ਪ੍ਰਬੰਧ ਦਾ ਅੰਗ ਹੁੰਦੇ ਹੋਏ ਸਮਾਜਿਕ ਮੁੱਲਾਂ, ਮਾਨਤਾਵਾਂ ਨੂੰ ਨਿਭਾਉਂਦੇ ਹੋਏ ਵੀ ਆਜ਼ਾਦ ਹਸਤੀ ਦਾ ਮਾਲਕ ਹੋਣ ਦੀ ਸਮਰੱਥਾ ਰੱਖਦਾ ਹੈ। ਡਾ. ਰਜਨੀਸ਼ ਬਹਾਦਰ ਰਚਨਾ ਵਿਚਲੇ ਪਾਤਰ ਅਤੇ ਵਸਤੂਗਤ ਪ੍ਰਬੰਧ ਅਧੀਨ ਵਿਚਰਦੇ ਮਨੁੱਖ ਵਿਚਕਾਰ ਨਿਖੇੜਾ ਕਰਦਿਆਂ ਲਿਖਦਾ ਹੈ :

> *ਰਚਨਾ ਵਿਚਲੇ ਪਾਤਰ ਦਾ ਜੀਵਨ ਇੱਕ ਨਿਸ਼ਚਿਤ ਪ੍ਰਬੰਧ ਵਿੱਚ ਚੱਲਦਾ ਹੈ। ਵਿਅਕਤੀ ਦਾ ਜੀਵਨ ਅਜਿਹੇ ਨਿਯਮਾਂ ਤੋਂ ਮੁਕਤ ਹੁੰਦਾ ਹੈ। ਅਰਥਾਤ ਪਾਤਰ ਦਾ ਜੀਵਨ ਕਿਸੇ ਦੁੱਖ ਸੁਖ, ਪਾਪ ਪੁੰਨ, ਗ਼ਰੀਬੀ ਅਮੀਰੀ, ਧੋਖਾ-ਇਮਾਨਦਾਰੀ, ਨੇਕੀ-ਬਦੀ, ਮਾਨਸਿਕ ਉਲਝਣ-ਸੁਲਝਣ ਵਿੱਚ ਬੱਝਿਆ ਹੁੰਦਾ ਹੈ। ਲੇਖਕ ਜੀਵਨ ਦੀਆਂ ਅੰਤਰ ਵਿਰੋਧਤਾਈਆਂ ਨੂੰ ਸੁਚੱਜੀ ਜੜਤ ਵਿੱਚ ਪਰੋ ਕੇ ਪੇਸ਼ ਕਰਦਾ ਹੈ, ਵਿਅਕਤੀ ਦਾ ਜੀਵਨ ਅਜਿਹੀ ਜੜਤ ਤੋਂ ਮੁਕਤ ਹੁੰਦਾ ਹੈ।* [1]

ਇਸ ਤਰ੍ਹਾਂ ਰਚਨਾ ਵਿਚਲਾ ਪਾਤਰ ਰਚਨਾਤਮਿਕ ਨੇਮਾਂ ਵਿੱਚ ਬੱਝਿਆ ਹੁੰਦਾ ਹੈ, ਉਹ ਵਿਅਕਤੀ ਨਹੀਂ ਹੁੰਦਾ, ਵਿਅਕਤੀ ਦਾ ਪਰਾ ਰੂਪ ਹੁੰਦਾ ਹੈ। ਬਾਕੀ ਸਾਹਿਤ ਵਿਧਾਵਾਂ ਦੇ ਮੁਕਾਬਲਤਨ ਨਾਵਲ ਵੱਡੇ ਕੈਨਵਸ ਵਾਲੀ ਵਿਧਾ ਹੈ। ਇਸ ਕਾਰਨ ਇਸ ਵਿੱਚ ਪਾਤਰ ਉਸਾਰੀ ਦੀਆਂ ਵੱਡੀਆਂ ਸੰਭਾਵਨਾਵਾਂ ਹੁੰਦੀਆਂ ਹਨ। ਨਾਵਲਕਾਰ ਕੋਲ ਆਪਣੀ ਰਚਨਾ ਵਿਚਲੇ ਪਾਤਰਾਂ ਦੀ ਘਾੜਤ ਸਹਿਜ ਰੂਪ ਵਿੱਚ ਕਰਨ ਦੀਆਂ ਸੰਭਾਵਨਾਵਾਂ ਵੀ ਵਧੇਰੇ ਹੁੰਦੀਆਂ ਹਨ। ਸਫ਼ਲ ਨਾਵਲਕਾਰ ਆਪਣੀ ਕਲਾਤਮਕ ਸੂਝ ਰਾਹੀਂ ਆਪਣੇ ਪਾਤਰਾਂ ਦੀ ਘਾੜਤ ਇਸ ਤਰ੍ਹਾਂ ਕਰਦਾ ਹੈ ਕਿ ਉਹ ਆਪਣੇ ਪਾਤਰਾਂ ਰਾਹੀਂ ਆਧੁਨਿਕ ਜਟਿਲ ਮਨੁੱਖੀ ਜੀਵਨ ਦਾ ਬਹੁਪਰਤੀ ਤੇ ਬਹੁ-ਪਸਾਰੀ ਬਿੰਬ ਪੇਸ਼ ਕਰਨ ਦੇ ਸਮਰੱਥ ਹੁੰਦਾ ਹੈ। ਨਾਵਲ ਦੇ ਪਾਤਰ ਘਟਨਾਵਾਂ ਦੀ ਲੰਮੀ ਲੜੀ ਵਿੱਚੋਂ ਗੁਜ਼ਰਦੇ ਹੋਏ ਇੱਕ ਇਤਿਹਾਸਕ ਅੰਤਰਾਲ ਉੱਤੇ ਫੈਲੇ ਹੁੰਦੇ ਹਨ। ਸਮੇਂ ਤੇ ਸਥਿਤੀ ਅਨੁਸਾਰ ਉਹਨਾਂ ਦੇ ਸੁਭਾਅ ਵਿੱਚ ਤਬਦੀਲੀ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਨਾਵਲ ਵਿਚਲਾ ਪਾਤਰ ਜੇਕਰ ਆਪਣੇ ਸੰਸਕ੍ਰਿਤਕ ਪਰਿਵੇਸ਼ ਸਮੇਤ ਉਭਰੇਗਾ ਤਾਂ ਸੁਭਾਵਿਕ ਹੀ ਉਹ ਗਤੀਸ਼ੀਲ ਹੋਏਗਾ ਅਤੇ ਕਿਸੇ ਵੀ ਮਕਾਨਕੀ ਪਹੁੰਚ ਤੋਂ ਮੁਕਤ ਹੋਏਗਾ। ਪੰਜਾਬੀ ਦਾ ਬਹੁਤਾ ਆਧੁਨਿਕ ਸਾਹਿਤ ਲਹਿਰਾਂ ਦੇ ਪ੍ਰਭਾਵ ਅਧੀਨ ਰਚਿਆ ਹੋਣ ਕਾਰਨ ਪ੍ਰਵਿਰਤੀਮੂਲਕ ਸੁਭਾਅ ਵਾਲਾ ਹੈ। ਇਹ ਗੱਲ ਨਾਵਲ ਉੱਪਰ ਵੀ ਲਾਗੂ ਹੁੰਦੀ ਹੈ। ਪ੍ਰਵਿਰਤੀਆਂ ਅਧੀਨ ਲਿਖੀ ਜਾਣ ਵਾਲੀ ਰਚਨਾ ਵਿੱਚ ਰਚਨਾਕਾਰ ਆਪਣੇ ਪਾਤਰਾਂ ਨੂੰ ਪੂਰਵ ਮਿੱਥਤ ਧਾਰਨਾਵਾਂ ਅਧੀਨ ਫਿੱਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਡਾ ਬਹੁਤਾ ਪ੍ਰਵਿਰਤੀਮੂਲਕ ਨਾਵਲ ਵੀ ਇਸ ਸਮੱਸਿਆ ਦਾ ਸ਼ਿਕਾਰ ਹੈ। ਪਾਤਰ ਚਿਤਰਨ ਸਮੇਂ ਬਿਆਨਬਾਜ਼ੀ ਵਾਲੀ ਤਕਨੀਕ ਗਲਪੀਕਰਨ ਦੀ ਪ੍ਰਕ੍ਰਿਆ ਨੂੰ ਕਮਜ਼ੋਰ ਕਰਦੀ ਹੈ। ਇਹ ਪ੍ਰਵਿਰਤੀਮੂਲਕ ਗਲਪ ਰਚਨਾਵਾਂ ਦੀ ਸੀਮਾ ਹੈ। ਸਮੁੱਚੇ ਨਾਵਲ ਉੱਪਰ ਇਹ ਧਾਰਨਾ ਲਾਗੂ ਨਹੀਂ ਹੁੰਦੀ।

ਪੰਜਾਬੀ ਨਾਵਲ ਦੀ ਉਮਰ ਕਈ ਸਵਾ ਕੁ ਸੌ ਸਾਲ ਦੀ ਬਣਦੀ ਹੈ। ਪਰ ਇਸ ਛੋਟੇ ਜਿਹੇ ਅਰਸੇ ਦੌਰਾਨ ਪੰਜਾਬੀ ਨਾਵਲ ਨੇ ਜੋ ਵਿਕਾਸ, ਪਰਿਵਰਤਨ ਤੇ ਗਤੀਸ਼ੀਲਤਾ ਵੇਖੀ, ਉਸ ਦੇ ਆਧਾਰ ਦੇ ਸਮੁੱਚੇ ਨਾਵਲਾਂ ਦੇ ਸੰਦਰਭ ਵਿੱਚ ਇਸ ਵਿੱਚ ਪੇਸ਼ ਨਾਰੀ ਪਾਤਰਾਂ ਦੇ ਬਦਲਦੇ ਸੰਦਰਭਾਂ ਬਾਰੇ ਗੱਲ ਕਰਨੀ ਔਖੀ ਹੈ। ਇਸ ਲਈ ਇਸ ਪੇਪਰ ਵਿੱਚ ਅਸੀਂ ਪੰਜਾਬੀ ਦੇ ਕੁਝ ਪ੍ਰਤੀਨਿਧ ਨਾਵਲਕਾਰਾਂ ਦੇ ਹਵਾਲੇ ਨਾਲ ਪੰਜਾਬੀ ਨਾਵਲ ਦੇ ਨਾਰੀ ਪਾਤਰਾਂ ਨੂੰ ਬਦਲਦੇ ਸੰਦਰਭਾਂ ਵਿੱਚ ਵਾਚਣ ਦੀ ਕੋਸ਼ਿਸ਼ ਕਰਾਂਗੇ।

ਜਿਸ ਤਰ੍ਹਾਂ ਉੱਪਰ ਸਪੱਸ਼ਟ ਕੀਤਾ ਗਿਆ ਹੈ ਕਿ ਸਾਹਿਤ ਵਿਚਲੇ ਪਾਤਰ ਸਾਡੇ ਵਸਤੂਗਤ ਵਰਤਾਰੇ ਵਿਚਲੇ ਮਨੁੱਖ ਹੀ ਹੁੰਦੇ ਹਨ। ਸਾਹਿਤ ਵਿੱਚ ਪਾਤਰਾਂ ਦੀ ਪੇਸ਼ਕਾਰੀ ਉਸੇ ਤਰ੍ਹਾਂ ਦੀ ਹੋਏਗੀ ਜਿਸ ਤਰ੍ਹਾਂ ਦੀ ਸਥਿਤੀ ਉਹਨਾਂ ਦੀ ਸਮਾਜ ਵਿੱਚ ਹੈ। ਇਸ ਤਰ੍ਹਾਂ ਪੰਜਾਬੀ ਨਾਵਲ ਵਿੱਚ ਨਾਰੀ ਪਾਤਰਾਂ ਦੀ ਸਥਿਤੀ ਅਤੇ ਇਸਦੇ ਬਦਲਦੇ ਸੰਦਰਭਾਂ ਦੀ ਗੱਲ ਕਰਨ ਲਈ ਪੰਜਾਬੀ ਸਮਾਜ ਵਿੱਚ ਨਾਰੀ ਦੀ ਕੀ ਸਥਿਤੀ ਰਹੀ ਹੈ, ਇਸ ਬਾਰੇ ਵੀ ਸਮਝ ਜ਼ਰੂਰੀ ਹੈ। ਪੰਜਾਬੀ ਸਮਾਜ ਵਿੱਚ ਨਾਰੀ ਦੀ ਅਸਲ ਵਸਤੂ ਸਥਿਤੀ ਕਿਸ ਤਰ੍ਹਾਂ ਦੀ ਹੈ, ਸਮੇਂ-ਸਮੇਂ ਇਸ ਵਸਤੂਗਤ ਸਥਿਤੀ ਵਿੱਚ ਕਈ ਤਬਦੀਲੀ ਵਾਪਰੀ ਹੈ ਜਾਂ ਨਹੀਂ, ਜੇ ਵਾਪਰੀ ਹੈ ਤਾਂ ਉਹ ਕਿਸ ਤਰ੍ਹਾਂ ਦੀ ਹੈ, ਕੀ ਉਹ ਤਬਦੀਲੀ ਅਸਲ ਸਥਿਤੀ ਵਿੱਚ ਕੁਝ ਬਦਲਾਅ ਲੈ ਕੇ ਆਈ ਹੈ ਜਾਂ ਸਿਰਫ਼ ਸਿਧਾਂਤ ਜਾਂ ਕਾਗਜ਼ਾਂ ਤੱਕ ਹੀ ਸੀਮਿਤ ਹੈ ਅਤੇ ਸਭ ਤੋਂ ਵੱਡੀ ਗੱਲ ਨਾਰੀ ਨੂੰ ਲੈ ਕੇ ਸਾਡੀ ਮਾਨਸਿਕਤਾ ਕਿਹੋ ਜਿਹੀ ਹੈ, ਕੀ ਇਹਦੇ ਵਿੱਚ ਵੀ ਕਈ ਪਰਿਵਰਤਨ ਵਾਪਰਿਆ ਹੈ ਜਾਂ ਨਹੀਂ, ਇਹ ਸਭ ਗੱਲਾਂ ਮਹੱਤਵਪੂਰਨ ਹਨ।

ਜਿੱਥੋਂ ਤੱਕ ਸਾਡੇ ਸਮਾਜ ਵਿੱਚ ਨਾਰੀ ਦੀ ਸਥਿਤੀ ਦਾ ਸੁਆਲ ਹੈ ਉਹ ਕਈ ਬਹੁਤੀ ਸੁਖਾਵੀਂ ਨਹੀਂ ਰਹੀ। ਬਿਨਾਂ ਸ਼ੱਕ ਨਾਰੀ ਮਨੁੱਖੀ ਸਮਾਜ ਦੀ ਆਧਾਰਸ਼ਿਲਾ ਹੈ ਅਤੇ ਮਨੁੱਖੀ ਨਸਲ ਦੇ ਵਾਧੇ ਤੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਪਰ ਇਸਦੇ ਬਾਵਜੂਦ ਸਭਿਅਤਾ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਉੱਤੇ ਨਾਰੀ ਦੀ ਸਥਿਤੀ ਘੱਟ ਹੀ ਸੁਖਾਵੀਂ ਰਹੀ ਹੈ। ਸਮਾਜਕ-ਸਭਿਆਚਾਰਕ ਵਿਕਾਸ ਦੀ ਪ੍ਰਕ੍ਰਿਆ ਵਿੱਚ ਮਰਦ ਔਰਤ ਦੇ ਰਿਸ਼ਤਿਆਂ ਵਿੱਚ ਮਰਦ ਦੁਆਰਾ ਸਥਾਪਿਤ ਕੀਤੀ ਆਪਣੀ ਸੁਪਰੀਮ ਸਥਿਤੀ ਨੇ ਔਰਤ ਦੀ ਵੱਖਰੀ ਹੋਂਦ ਤੇ ਪਹਿਚਾਣ ਖ਼ਤਮ ਕਰ ਉਸਨੂੰ ਵਸਤੂ ਤੱਕ ਘਟਾ ਦਿੱਤਾ। ਉਸਦੀ ਪਹਿਚਾਣ ਸੁਤੰਤਰ ਮਨੁੱਖੀ ਜੀਵ ਦੀ ਥਾਂ ਸਮਾਜਿਕ ਰਿਸ਼ਤਿਆਂ ਪਤਨੀ, ਮਾਂ, ਧੀ, ਭੈਣ, ਪ੍ਰੇਮਿਕਾ ਆਦਿ ਦੇ ਰੂਪ ਵਿੱਚ ਹੀ ਬਣੀ। ਸਾਹਿਤ ਵਿੱਚ ਵੀ ਨਾਰੀ ਭਾਰੂ ਰੂਪ ਵਿੱਚ ਇਹਨਾਂ ਰਿਸ਼ਤਿਆਂ ਦੇ ਰੂਪ ਵਿੱਚ ਹੀ ਪੇਸ਼ ਹੋਈ ਹੈ।

ਨਾਵਲ ਆਧੁਨਿਕ ਮਨੁੱਖ ਦੀ ਜਟਿਲ ਅਤੇ ਬਹੁ-ਪਰਤੀ ਜ਼ਿੰਦਗੀ ਨੂੰ ਵਿਸ਼ਾਲ ਕੈਨਵਸ ਅਤੇ ਵਧੇਰੇ ਸਮਰੱਥਾ ਨਾਲ ਚਿਤਰਨ ਦੇ ਸਮਰੱਥ ਵਿਧਾ ਹੈ। ਭਾਰਤ ਵਰਗੇ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਦੇ ਮੁਕਾਬਲੇ ਨਾਰੀ ਵਧੇਰੇ ਜਟਿਲ ਜੀਵਨ ਜਿਉਂਦੀ ਅਤੇ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਰਹਿੰਦੀ ਹੈ। ਉਹ ਪਰਿਵਾਰਕ ਤੇ ਸਮਾਜਿਕ

ਜੀਵਨ ਵਿੱਚ ਸਹਿਜ ਵਿਚਰਦੀ ਜਾਪਦੀ ਹੋਈ ਵੀ ਕਈ ਤਰ੍ਹਾਂ ਦੀਆਂ ਜਟਿਲਤਾਵਾਂ ਹੰਢਾ ਰਹੀ ਹੁੰਦੀ ਹੈ। ਵਰਤਮਾਨ ਦੌਰ ਵਿੱਚ ਜਦ ਨਾਰੀ ਘਰ ਦੀ ਚਾਰ ਦੀਵਾਰੀ ਤੋਂ ਨਿਕਲ ਕੇ ਦਫ਼ਤਰ ਜਾਂ ਹੋਰ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਖੇਤਰਾਂ ਵਿੱਚ ਵਿਚਰਦੀ ਹੈ ਤਾਂ ਪਰਿਵਾਰਕ ਜ਼ਿੰਮਵਾਰੀਆਂ ਦੇ ਨਾਲ-ਨਾਲ ਇਹ ਪ੍ਰੋਫ਼ੈਸ਼ਨਲ ਰੋਲ ਨਿਭਾਉਂਦਿਆਂ ਉਸਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਤੇ ਜ਼ਿੱਲਤਾਂ ਝੇਲਣੀਆਂ ਪੈਂਦੀਆਂ ਹਨ। ਇਹ ਸਮੱਸਿਆਵਾਂ ਕਈ ਵਾਰੀ ਬਾਹਰੀ ਨਾਲੋਂ ਅੰਦਰੂਨੀ ਜਾਂ ਮਾਨਸਿਕ ਵਧੇਰੇ ਹੁੰਦੀਆਂ ਹਨ। ਮੱਧਕਾਲੀ ਸਾਹਿਤ ਦੇ ਮੁਕਾਬਲਤਨ ਆਧੁਨਿਕ ਸਾਹਿਤ ਖ਼ਾਸ ਕਰ ਨਾਵਲ ਵਰਗੀ ਵਿਸ਼ਾਲ ਕੈਨਵਸ ਵਾਲੀ ਵਿਧਾ ਨਾਰੀ ਅਸਤਿਤਵ ਅਤੇ ਇਸਦੇ ਜੀਵਨ ਦੇ ਵਿਭਿੰਨ ਪਹਿਲੂਆਂ ਨਾਲ ਜੁੜੇ ਮਸਲਿਆਂ ਨੂੰ ਭਰਵੇਂ ਰੂਪ ਵਿੱਚ ਸੰਬੋਧਿਤ ਹੋ ਰਹੀ ਹੈ।

ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਭਾਈ ਵੀਰ ਸਿੰਘ ਦੁਆਰਾ ਰਚਿਤ ਸੁੰਦਰੀ (1898) ਹੈ। ਪੰਜਾਬੀ ਨਾਵਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਇੱਕ ਨਾਰੀ ਨੂੰ ਕੇਂਦਰ ਵਿੱਚ ਰੱਖ ਕੇ ਰਚਿਆ ਗਿਆ ਹੈ, ਜਿਸ ਵਿੱਚ ਨਾਰੀ ਆਜ਼ਾਦੀ ਤੇ ਸੰਘਰਸ਼ ਦਾ ਪ੍ਰਤੀਕ ਬਣ ਕੇ ਸਾਹਮਣੇ ਆਉਂਦੀ ਹੈ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿੱਚ ਜਿਸ ਸਮਾਜ-ਸਭਿਆਚਾਰਕ ਪਰਿਵੇਸ਼ ਨੂੰ ਚਿਤਰਿਆ ਹੈ, ਉਹ ਭਾਰਤ ਵਿੱਚ ਮੁਗ਼ਲ ਹਕੂਮਤ ਦਾ ਸਮਾਂ ਹੈ। ਮੁਗ਼ਲਾਂ ਨੇ ਭਾਰਤ ਵਿੱਚ ਰਾਜਨੀਤਿਕ ਸੱਤਾ ਹਥਿਆਉਣ ਤੋਂ ਬਾਅਦ ਜਿੱਥੇ ਇੱਥੋਂ ਦੇ ਲੋਕਾਂ ਦੀ ਜਬਰੀ ਧਰਮ ਬਦਲੀ ਦਾ ਕੰਮ ਜ਼ੋਰ-ਸ਼ੋਰ ਨਾਲ ਆਰੰਭਿਆ, ਉੱਥੇ ਮੁਗ਼ਲ ਹਾਕਮਾਂ ਦੀ ਕਾਮੀ ਰੁਚੀ ਇੱਥੋਂ ਦੀਆਂ ਬਹੂ ਬੇਟੀਆਂ ਦੇ ਸਰੀਰ ਨੂੰ ਭੋਗਣਾ ਵੀ ਸੀ। ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿੱਚ ਭਾਵੇਂ ਮੁਗ਼ਲਾਂ ਦੀ ਇਸ ਕਾਮੀ ਰੁਚੀ ਨੂੰ ਤਾਂ ਪੇਸ਼ ਕਰਦਾ ਹੈ, ਪਰ ਉਸਦੇ ਨਾਵਲਾਂ ਵਿੱਚ ਪੇਸ਼ ਔਰਤ ਕਿਤੇ ਵੀ ਲਾਲਚ ਜਾਂ ਮਜਬੂਰੀ ਵੱਸ ਹਾਕਮ ਧਿਰ ਦੀ ਦੀਨਤਾ ਨਹੀਂ ਕਬੂਲਦੀ। ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿੱਚ ਭਾਰਤੀ ਨਾਰੀ ਦਾ ਜੋ ਬਿੰਬ ਪੇਸ਼ ਕਰਦਾ ਹੈ ਉਹ ਸਤਵੰਤੀ ਨਾਰ ਦਾ ਹੈ ਜੋ ਆਪਣੀ ਪਤ ਨੂੰ ਅੰਤਿਮ ਸਮੇਂ ਤੱਕ ਬਚਾਈ ਰੱਖਦੀ ਹੈ। ਨਾਵਲ ਸੁੰਦਰੀ ਦੀ ਨਾਇਕਾ ਸਰੁਸਤੀ ਇਸਦੀ ਪੁਖ਼ਤਾ ਮਿਸਾਲ ਹੈ। ਸੁੰਦਰੀ ਤੋਂ ਬਾਅਦ ਸਤਵੰਤ ਕੌਰ, ਬਿਜੈ ਸਿੰਘ ਨਾਵਲਾਂ ਵਿੱਚ ਵੀ ਨਾਰੀ ਦਾ ਇਹ ਬਿੰਬ ਕਾਇਮ ਰਹਿੰਦਾ ਹੈ।

> *ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੀ ਨਾਰੀ ਦਲੇਰ, ਸਾਹਸੀ ਅਤੇ ਧੁੰਨ ਦੀ ਪੱਕੀ ਹੈ, ਜੋ ਜ਼ੁਲਮ, ਅਨਿਆਂ ਅਤੇ ਵਿਤਕਰੇ ਨੂੰ ਆਪਣੀ ਹੋਣੀ ਸਮਝ ਕੇ ਸਵੀਕਾਰ ਨਹੀਂ ਕਰਦੀ। ਇਹ ਨਾਰੀ ਕੋਮਲ ਹਿਰਦਾ ਰੱਖਦੀ ਹੋਈ ਵੀ ਆਪਣੇ ਲਕਸ਼ ਪੂਰਤੀ ਲਈ ਫ਼ੌਲਾਦ ਬਣ ਖਲੋਂਦੀ ਹੈ।* [2]

ਭਾਈ ਵੀਰ ਸਿੰਘ ਦੁਆਰਾ ਸਿਰਜਤ ਇਹਨਾਂ ਨਾਵਲਾਂ ਵਿਚਲਾ ਨਾਰੀ ਬਿੰਬ ਕਿਸੇ ਨਾ ਕਿਸੇ ਰੂਪ ਵਿੱਚ ਸਮੁੱਚੀ ਧਾਰਮਿਕ ਪ੍ਰਵਿਰਤੀ ਦੇ ਨਾਵਲਾਂ ਵਿੱਚ ਸੰਚਾਲਿਤ ਹੁੰਦਾ ਵੇਖਿਆ ਜਾ ਸਕਦਾ ਹੈ।

ਭਾਈ ਵੀਰ ਸਿੰਘ ਤੋਂ ਬਾਅਦ ਪੰਜਾਬੀ ਨਾਵਲ ਦੇ ਅਗਲੇ ਪੜਾਅ ਦੀ ਪ੍ਰਤੀਨਿਧਤਾ ਨਾਨਕ ਸਿੰਘ ਕਰਦਾ ਹੈ। ਨਾਨਕ ਸਿੰਘ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਧਾਰਮਿਕਤਾ ਦੀ ਵਲਗਣ ਚੋਂ ਨਿਕਲ ਕੇ ਸਮਾਜਿਕ ਵਿਸ਼ਿਆਂ ਨੂੰ ਆਪਣੀ ਰਚਨਾਤਮਿਕਤਾ ਦਾ ਆਧਾਰ ਬਣਾਉਂਦਾ ਹੈ। ਇਸ ਤਰ੍ਹਾਂ ਨਾਨਕ ਸਿੰਘ ਆਪਣੇ ਨਾਵਲਾਂ ਰਾਹੀਂ ਨਾਰੀ ਬਿੰਬ ਨੂੰ ਧਾਰਮਿਕ ਮੁਹਾਵਰੇ ਵਿੱਚੋਂ ਕੱਢ ਕੇ ਸਮਾਜਿਕ ਪਰਿਪੇਖ ਦੇ ਵੱਡੇ ਸਰੋਕਾਰਾਂ ਨਾਲ ਜੋੜ ਦਿੰਦਾ ਹੈ। ਉਸਦੇ ਨਾਵਲਾਂ ਵਿੱਚ ਨਾਰੀ ਭਾਵੇਂ ਆਦਰਸ਼ਕ ਰੂਪ ਵਿੱਚ ਉੱਭਰਦੀ ਹੈ, ਪਰ ਉਹ ਆਪਣੀ ਹੋਂਦ ਅਤੇ ਹੋਣੀ ਪ੍ਰਤੀ ਸੁਚੇਤ ਹੈ। ਨਾਨਕ ਸਿੰਘ ਦੇ ਮੁੱਢਲੇ ਨਾਵਲਾਂ (ਚਿੱਟਾ ਲਹੂ ਦੀ ਸੁੰਦਰੀ, ਟੁੱਟੀ ਵੀਣਾ ਦੀ ਪ੍ਰਤਿਮਾ, ਕਾਗਤਾਂ ਦੀ ਬੇੜੀ ਦੀ ਜਮਨਾ, ਫ਼ੌਲਾਦੀ ਫੁੱਲ ਦੀ ਸਰਲਾ) ਵਿਚਲੀ ਨਾਰੀ ਵਧੇਰੇ ਲਾਚਾਰ, ਸਮਾਜ ਦੀ ਸਤਾਈ ਹੋਈ ਅਤੇ ਸਥਿਤੀਆਂ ਨਾਲ ਸਮਝੌਤਾ ਕਰਦੀ ਵਿਖਾਈ ਦਿੰਦੀ ਹੈ। ਆਪਣੇ ਪਿਛਲੇ ਨਾਵਲਾਂ ਵਿੱਚ ਉਹ ਔਰਤ ਨੂੰ ਵਧੇਰੇ ਬਲਵਾਨ ਤੇ ਸੁਚੇਤ ਬਣਾ ਕੇ ਪੇਸ਼ ਕਰਦਾ ਹੈ। ਇਸ ਪੱਖੋਂ ਆਦਮਖ਼ੋਰ ਦੀ ਸੁਲੋਚਨਾ ਅਤੇ ਕਟੀ ਹੋਈ ਪਤੰਗ ਦੀ ਕਾਮਨੀ ਨੂੰ ਵੇਖਿਆ ਜਾ ਸਕਦਾ ਹੈ।

> *ਨਾਨਕ ਸਿੰਘ ਦੇ ਇਸਤਰੀ ਪਾਤਰਾਂ ਦਾ ਅਤੁੱਟ ਲਗਨ ਵਾਲੇ, ਸਵੈ ਕਾਬੂ ਵਾਲੇ ਅਤੇ ਪੱਕਾ ਪਿਆਰ ਕਰਨ ਵਾਲੇ ਹੋਣਾ ਰੁਮਾਂਚਿਕ ਆਦਰਸ਼ਵਾਦੀ ਰੁਚੀ ਹੀ ਹੈ। ਅਜਿਹੀ ਰੁਚੀ ਕਰਕੇ ਨਾਨਕ ਸਿੰਘ ਦੇ ਇਸਤਰੀ ਪਾਤਰ ਦੀਨਤਾ ਤੇ ਦਾਸ ਗੁਣਾਂ ਦੇ ਧਾਰਨੀ ਹਨ। ਨਾਨਕ ਸਿੰਘ ਦਾ ਔਰਤ ਪ੍ਰਤੀ ਇਹ ਨਜ਼ਰੀਆ ਕੇਵਲ ਮੁੱਢਲੇ ਨਾਵਲਾਂ ਵਿੱਚ ਹੀ ਭਾਰੂ ਹੈ। ਬਾਅਦ ਦੇ ਨਾਵਲਾਂ ਵਿੱਚ ਨਾਨਕ ਸਿੰਘ ਨੇ ਨਾਇਕਾਵਾਂ ਵਿੱਚ ਸੱਚੀ ਇਨਕਲਾਬੀ ਰੂਹ ਭਰੀ ਹੈ ਤੇ ਇੱਕ ਨਵੀਂ ਇਸਤਰੀ ਦੀ ਨੁਹਾਰ ਪੇਸ਼ ਕੀਤੀ ਹੈ।* [3]

ਨਾਨਕ ਸਿੰਘ ਤੋਂ ਬਾਅਦ ਪੰਜਾਬੀ ਨਾਵਲਕਾਰੀ ਦੇ ਚਿਤਰਪਟ ਤੇ ਜਸਵੰਤ ਸਿੰਘ ਕੰਵਲ ਦਾ ਨਾਂ ਮਹੱਤਵਪੂਰਨ ਹੈ। ਕੰਵਲ ਦਾ ਨਾਵਲੀ ਸਫ਼ਰ ਲੰਮਾ ਹੈ। ਇਸ ਸਫ਼ਰ ਦੌਰਾਨ ਜਸਵੰਤ ਸਿੰਘ ਕੰਵਲ ਕਿਸੇ ਇੱਕ ਸਿਧਾਂਤ ਨਾਲ ਨਾ ਬੱਝ ਕੇ ਬਦਲਦੀਆਂ ਪ੍ਰਸਥਿਤੀਆਂ ਵਿੱਚ ਵਿਭਿੰਨ ਸਿਧਾਂਤਾਂ ਅਤੇ ਵਿਚਾਰਾਂ ਤੋਂ ਸੇਧ ਲੈਂਦਾ ਸਮਾਜਿਕ ਯਥਾਰਥ ਨੂੰ ਆਪਣੀ ਬਿਰਤਾਂਤਕਾਰੀ ਦਾ ਆਧਾਰ ਬਣਾਉਂਦਾ ਹੈ। ਆਪਣੇ ਇਸ ਲੰਮੇ ਸਫ਼ਰ ਦੌਰਾਨ ਕੰਵਲ ਨੇ ਆਪਣੇ ਨਾਰੀ ਪਾਤਰਾਂ ਨੂੰ ਵੀ ਵੱਖ-ਵੱਖ ਸਥਿਤੀਆਂ ਦੇ ਅਨੁਰੂਪ ਪੇਸ਼ ਕੀਤਾ ਹੈ। ਉਸਦੇ ਮੁੱਢਲੇ ਨਾਵਲਾਂ (ਸੱਚ ਨੂੰ ਫਾਂਸੀ, ਪਾਲੀ) ਵਿਚਲੀ ਔਰਤ ਪਰੰਪਰਾਗਤ ਅਤੇ ਆਦਰਸ਼ਵਾਦੀ ਹੈ, ਜਿਸਨੂੰ ਆਪਣੀ ਸੁਤੰਤਰ ਹੋਂਦ ਦਾ ਵੀ ਕੋਈ ਅਹਿਸਾਸ ਨਹੀਂ। ਇਹ ਆਪਣੇ ਆਪ ਨੂੰ ਮਰਦ ਦੇ ਆਸਰੇ ਤੋਂ ਬਿਨਾਂ ਅਧੂਰੀ ਸਮਝਦੀ ਹੈ। ਕੰਵਲ ਦੇ ਯਥਾਰਥਵਾਦੀ ਨਾਵਲਾਂ ਵਿੱਚ ਔਰਤ ਦੀ ਦੁਖਾਂਤ ਸਥਿਤੀ ਸਮਾਜਿਕ ਤੇ ਯਥਾਰਥਕ ਮਸਲਿਆਂ ਵਾਲੀ ਹੈ। ਪ੍ਰਗਤੀਵਾਦੀ ਧਾਰਾ ਅਧੀਨ ਰਚੇ ਆਪਣੇ ਨਾਵਲਾਂ ਵਿੱਚ ਉਹ ਚੇਤੰਨ ਨਾਰੀ ਦਾ ਇੱਕ ਨਵਾਂ ਰੂਪ ਪੇਸ਼ ਕਰਦਾ ਹੈ। ਇਹਨਾਂ ਨਾਵਲਾਂ ਵਿਚਲੀ ਨਾਰੀ ਪੰਜਾਬੀ ਨਾਵਲ ਵਿੱਚ ਰਾਜਸੀ ਤੌਰ 'ਤੇ ਸੁਚੇਤ ਔਰਤ ਦੇ ਗਲਪੀ ਬਿੰਬ ਦਾ ਵਾਹਨ ਬਣ ਕੇ ਸਾਹਮਣੇ ਆਉਂਦੀ ਹੈ। ਰੂਪਧਾਰਾ ਦੀ ਜਗਰੂਪ, ਮੋੜਾ ਅਤੇ ਭਵਾਨੀ ਦੀ ਕਰਮਜੀਤ ਇਸ ਦੀ ਉਦਾਹਰਨ ਹਨ।

> *ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚਲੀ ਔਰਤ ਘੱਟ ਗਿਣਤੀ ਤੇ ਮਨੁੱਖੀ ਹੱਕਾਂ ਤੋਂ ਵੰਚਿਤ, ਦਰੜੀ-ਦਰਾੜੀ ਇੱਕ ਸਬਾਲਟਰਨ ਵਰਗੀ ਹੋਈ ਭੋਗਦੀ ਹੈ। .... ਔਰਤ ਕੀ ਹੈ? ਔਰਤ ਕੀ ਚਾਹੁੰਦੀ ਹੈ? ਕੰਵਲ ਦੇ ਨਾਵਲਾਂ ਵਿੱਚ ਇਹ ਵਾਰ-ਵਾਰ ਧੁਨਿਤ ਹੁੰਦਾ ਹੈ।.... ਕੰਵਲ ਔਰਤ ਦੇ ਵਿਭਿੰਨ ਮਸਲਿਆਂ ਨੂੰ ਉਜਾਗਰ ਕਰ ਕੇ 'ਔਰਤ ਕੀ ਚਾਹੁੰਦੀ ਹੈ?'ਦਾ ਜੁਆਬ ਸਿਰਜਣ ਦਾ ਯਤਨ ਕਰਦਾ ਹੈ। ਕੰਵਲ ਦੇ ਨਾਵਲਾਂ ਦੀ ਔਰਤ ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ, ਸੰਘਰਸ਼ ਉਸਦੇ ਜੀਵਨ ਦਾ ਅਨਿਖੜਵਾਂ ਅੰਗ ਹੈ। ਕੰਵਲ ਦਾ ਮੁੱਖ ਪ੍ਰਯੋਜਨ ਪ੍ਰਸਿਥਤੀਆਂ ਦੇ ਭੰਵਰ ਵਿੱਚ ਡੋਲਦੀ ਇਸਤਰੀ ਨੂੰ ਇਸਤਰੀ*

*ਕਾਰਜ ਦੀ ਚੇਤਨਾ ਤੇ ਦ੍ਰਿੜ੍ਹਤਾ ਦੇ ਧਰਾਤਲ 'ਤੇ ਲਿਆ ਕੇ 'ਭਵਾਨੀ' ਦੇ ਰੂਪ ਵਿੱਚ ਉਭਾਰਨ ਦੀ ਪ੍ਰੇਰਣਾ ਦੇਣ ਹੈ।* [4]

1960 ਤੋਂ ਬਾਅਦ ਪੰਜਾਬੀ ਨਾਵਲ ਵਿੱਚ ਗੁਣਾਤਮਕ ਪਰਿਵਰਤਨ ਆਉਂਦਾ ਹੈ। ਇਹ ਪਰਿਵਰਤਨ ਰਚਨਾ ਵਸਤੂ, ਰਚਨਾ ਵਿਧੀ ਅਤੇ ਰਚਨਾ ਦ੍ਰਿਸ਼ਟੀ ਤਿੰਨਾਂ ਪੱਖਾਂ ਤੋਂ ਹੈ। ਇਹ ਨਾਵਲ ਜਿਸਨੂੰ ਯਥਾਰਥਵਾਦੀ ਨਾਵਲ ਕਿਹਾ ਜਾਂਦਾ ਹੈ, ਪੇਂਡੂ ਮੁਹਾਵਰੇ ਵਾਲਾ ਵੀ ਹੈ ਅਤੇ ਸ਼ਹਿਰੀ ਜਨ-ਜੀਵਨ ਨਾਲ ਵੀ ਸਬੰਧਿਤ ਹੈ। ਪੇਂਡੂ ਜਨ-ਜੀਵਨ ਨਾਲ ਸਬੰਧਿਤ ਨਾਵਲ ਦੀ ਪ੍ਰਤੀਨਿਧਤਾ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਕਰਮਜੀਤ ਕੁੱਸਾ ਕਰਦੇ ਹਨ। ਇਨ੍ਹਾਂ ਨਾਵਲਕਾਰਾਂ ਦੇ ਨਾਵਲਾਂ ਵਿੱਚ ਭੂਪਵਾਦੀ ਰੁਚੀਆਂ ਵਾਲੇ ਸਮਾਜ ਵਿੱਚ ਹਾਸ਼ੀਏ 'ਤੇ ਵਿਚਰਦੀ ਔਰਤ ਦਾ ਬਿੰਬ ਪੇਸ਼ ਹੋਇਆ ਹੈ। ਜਾਤੀ-ਜਮਾਤੀ ਸੁਭਾਅ ਵਾਲੇ ਸਾਡੇ ਸ਼੍ਰੇਣੀ ਸਮਾਜ ਵਿੱਚ ਵਿਆਹ ਦੇ ਰੂਪ ਵਿੱਚ ਔਰਤ-ਮਰਦ ਦਾ ਬਹੁਤਾ ਕਰਕੇ ਮਿਸ-ਮੈਚ ਹੀ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਇਹਨਾਂ ਨਾਵਲਾਂ ਦੀ ਔਰਤ ਆਪਣੀ ਦੇਹ ਅਤੇ ਰੂਹ ਦੇ ਰੱਜ ਲਈ ਪਰਾਏ ਮਰਦਾਂ ਨਾਲ ਮਿਲਾਪ ਲਈ ਤਾਂਘਦੀ ਹੈ। ਪਰ ਸਮਾਜਿਕ ਮਰਯਾਦਾਵਾਂ ਤੇ ਪ੍ਰੰਪਰਾਵਾਂ ਦੀ ਪੀਢੀ ਪਕੜ ਕਾਰਨ ਉਸ ਲਈ ਇਸ ਲਛਮਣ ਰੇਖਾ ਨੂੰ ਉਲੰਘਣਾ ਮੁਸ਼ਕਲ ਹੁੰਦਾ ਹੈ। ਜੇਕਰ ਸਮਾਜਿਕ ਕਦਰਾਂ-ਕੀਮਤਾਂ ਨੂੰ ਵਿਸਾਰ ਕੇ ਉਹ ਇਹ ਕਦਮ ਚੁੱਕ ਵੀ ਲੈਂਦੀ ਹੈ ਤਾਂ ਆਮ ਔਰਤ ਵਾਂਗ ਸਮਾਜਿਕ ਤੌਰ 'ਤੇ ਉਸਦਾ ਨਾ ਤਾਂ ਉਹ ਰੁਤਬਾ ਬਰਕਰਾਰ ਰਹਿੰਦਾ ਹੈ ਅਤੇ ਨਾ ਹੀ ਉਸਨੂੰ ਸਮਾਜਿਕ ਮਾਨਤਾ ਮਿਲਦੀ ਹੈ। ਇਹ ਨਾਵਲ ਨਾਰੀ ਦੇ ਇਸ ਵਿਅਕਤੀਗਤ, ਸਮਾਜਿਕ, ਸਭਿਆਚਾਰਕ ਤੇ ਮਨੋਵਿਗਿਆਨਕ ਸੱਚ ਨੂੰ ਬਹੁਤ ਹੀ ਬਰੀਕੀ ਨਾਲ ਪੇਸ਼ ਕਰਦੇ ਹਨ।

ਇਸ ਦੌਰ ਦੀ ਚਰਚਿਤ ਰਚਨਾ ਗੁਰਦਿਆਲ ਸਿੰਘ ਦਾ ਨਾਵਲ ਮੜੀ ਦਾ ਦੀਵਾ ਹੈ। ਗੁਰਦਿਆਲ ਸਿੰਘ ਦੇ ਨਾਵਲ ਮੜੀ ਦਾ ਦੀਵਾ ਦੀ ਭਾਨੀ ਆਪਣੀ ਹੋਂਦ ਅਤੇ ਹੱਕਾਂ ਪ੍ਰਤੀ ਸੁਚੇਤ ਹੈ। ਸਮਾਜਿਕ ਮਰਯਾਦਾਵਾਂ ਵਿੱਚ ਵਿਚਰਦੀ ਹੋਈ ਉਹ ਆਪਣੇ ਜ਼ਜਬਾਤਾਂ ਨੂੰ ਜ਼ੁਬਾਨ ਤਾਂ ਦਿੰਦੀ ਹੈ, ਪਰ ਇਸਨੂੰ ਵਿਹਾਰਕ ਰੂਪ ਨਹੀਂ ਦੇ ਸਕਦੀ। ਇਸੇ ਤਰ੍ਹਾਂ ਗੁਰਦਿਆਲ ਸਿੰਘ ਦੇ ਨਾਵਲ ਅਣਹੋਏ ਦੀ ਤਾਈ ਦਿਆ ਕੁਰ, ਪਰਸਾ ਨਾਵਲ ਦੀ ਮੁਖਤਿਆਰੋ, ਕੁਵੇਲਾ ਨਾਵਲ ਦੀ ਹੀਰਾ ਦੇਵੀ ਕਿਸੇ ਪੱਖੋਂ ਕਮਜ਼ੋਰ ਔਰਤਾਂ ਨਹੀਂ, ਕਹਿੰਦੇ ਕਹਾਉਂਦੇ ਮਰਦਾਂ ਨਾਲੋਂ ਦਲੇਰ ਤੇ ਤਕੜੀਆਂ ਹਨ। ਪਰ ਇਸ ਦੇ ਬਾਵਜੂਦ ਗੁਰਦਿਆਲ ਸਿੰਘ ਆਪ ਇਸ ਗੱਲ ਨੂੰ ਮੰਨਦਾ ਹੈ ਕਿ

*ਮੈਂ ਆਪਣੇ ਨਾਵਲਾਂ ਵਿੱਚ ਜੀਵਨ ਯਥਾਰਥ ਤੋਂ ਓਨਾ ਕੁ ਹੀ ਉਤਾਂਹ ਜਾ ਕੇ ਇਸਤਰੀ ਪਾਤਰਾਂ ਨੂੰ ਚਿਤਰ ਸਕਿਆ ਹਾਂ ਜਿੰਨੀਆਂ ਕੁ ਸਮਾਜਿਕ, ਧਾਰਮਿਕ ਆਰਥਿਕ ਤੇ ਸਿਆਸੀ ਹਾਲਾਤ ਅਨੁਸਾਰ ਉਹ ਵੱਧ ਤੋਂ ਵੱਧ ਉਤਾਂਹ ਉੱਠ ਸਕਦੀਆਂ ਸਨ। ਗੁਰਦਿਆਲ ਸਿੰਘ ਦੇ ਆਪਣੇ ਸ਼ਬਦਾਂ ਵਿੱਚ ਔਰਤ ਨੂੰ ਦੁਰਗਾ ਦੇ ਰੂਪ ਵਿੱਚ ਪੇਸ਼ ਕਰਨਾ ਸਿਰਫ਼ ਭਾਰਤੀ ਮਿਥਿਹਾਸ ਵਿੱਚ ਹੀ ਸੰਭਵ ਹੈ, ਯਥਾਰਥਕ ਜੀਵਨ ਵਿੱਚ ਨਹੀਂ।* [5]

ਇਸ ਦੌਰ ਦਾ ਦੂਜਾ ਮਹੱਤਵਪੂਰਨ ਨਾਵਲਕਾਰ ਰਾਮ ਸਰੂਪ ਅਣਖੀ ਹੈ। ਅਣਖੀ ਨੇ ਆਪਣੇ ਨਾਵਲਾਂ ਵਿੱਚ ਨਾਰੀ ਨੂੰ ਬੜੀ ਨੀਝ ਨਾਲ ਚਿਤਰਿਆ ਹੈ। ਅਣਖੀ ਦੁਆਰਾ ਸਿਰਜਿਤ ਨਾਰੀ ਬਿੰਬ ਬੜਾ ਯਥਾਰਥਕ ਹੈ ਜੋ ਪੇਂਡੂ ਪੰਜਾਬੀ ਔਰਤ ਦੇ ਸਮੁੱਚੇ ਜੀਵਨ ਨੂੰ ਬੜੀ ਬੇਬਾਕੀ ਨਾਲ ਚਿਤਰਦਾ ਹੈ। ਅਣਖੀ ਨੇ ਆਪਣੇ ਤਕਰੀਬਨ ਸਾਰੇ ਨਾਵਲਾਂ ਵਿੱਚ ਪੰਜਾਬੀ ਜਗੀਰੂ ਸਮਾਜ ਵਿੱਚ ਨਾਰੀ ਨਾਲ ਹੁੰਦੇ ਜ਼ਿਹਨੀ ਤੇ ਜਿਸਮਾਨੀ ਧੱਕਿਆਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਅਣਖੀ ਦੇ ਨਾਵਲਾਂ ਵਿੱਚੋਂ ਪੈਦਾ ਹੁੰਦੇ ਔਰਤ ਦੇ ਅਹਿਸਾਸਾਂ, ਉਸਦੀਆਂ ਅਤ੍ਰਿਪਤ ਭਾਵਨਾਵਾਂ, ਕਾਮਨਾਵਾਂ ਅਤੇ ਉਸ ਨਾਲ ਹੁੰਦੇ ਜ਼ਬਰ ਤੇ ਧੱਕਿਆਂ ਦੀ ਪ੍ਰਤੀਧੁਨੀ ਪਾਠਕ ਦੀ ਚੇਤਨਾ ਨੂੰ ਝੰਜੋੜ ਕੇ ਉਸ ਅੰਦਰ ਹਲਚਲ ਪੈਦਾ ਕਰਦੀ ਹੈ।

*ਅਣਖੀ ਦੇ ਨਾਵਲਾਂ ਤੋਂ ਸਾਮੰਤੀ ਕੀਮਤਾਂ ਅਧੀਨ ਦਬੀ ਉਤਪੀੜਨ, ਅਨਿਆਂ ਅਤੇ ਧੱਕੇ ਦੀ ਸ਼ਿਕਾਰ ਔਰਤ ਦੀ ਤਸਵੀਰ ਉਘੜਦੀ ਹੈ ਜਿਹੜੀ ਜਾਂ ਤਾਂ ਆਪਣਾ ਆਪ ਮਾਰ ਕੇ ਜਿਉਂਦੀ ਹੈ ਜਾਂ ਫਿਰ ਜੇ ਕਿਧਰੇ ਆਪਣੀਆਂ ਅਤ੍ਰਿਪਤ ਇੱਛਾਵਾਂ ਦੀ ਪੂਰਤੀ ਲਈ ਉਹ ਸਮਾਜਿਕ ਕਦਰਾਂ ਕੀਮਤਾਂ ਤੋਂ ਮੂੰਹ ਮੋੜ ਕੇ ਕੋਈ ਅਜਿਹਾ ਕਦਮ ਚੁੱਕ ਲੈਂਦੀ ਹੈ ਤਾਂ ਉਸਨੂੰ ਜਗੀਰਉ ਸਮਾਜ ਦੇ ਰੋਹ ਦਾ ਸ਼ਿਕਾਰ ਹੋਣ ਪੈਂਦਾ ਹੈ। ਅਣਖੀ ਨੇ ਔਰਤ ਦੀ ਇਸ ਹੋਣੀ ਨੂ ਬੜੇ ਹੀ ਸਰਲ-ਸਾਦਾ ਬਿਰਤਾਂਤ ਰਾਹੀਂ ਬੇਬਾਕੀ ਨਾਲ ਚਿਤਰਿਆ ਹੈ।* [6]

ਇਸ ਸਮੇਂ ਦੌਰਾਨ ਕੁਝ ਨਾਰੀ ਲੇਖਕਾਵਾਂ ਨੇ ਮਰਦ ਪ੍ਰਧਾਨ ਸਮਾਜਿਕ ਵਿਵਸਥਾ ਵਿੱਚ ਪ੍ਰਚੱਲਿਤ ਕਦਰਾਂ ਕੀਮਤਾਂ ਅਤੇ ਸਮਾਜਿਕ ਉਲਾਰ ਸਬੰਧਾਂ ਹੱਥੋਂ ਪੀੜਿਤ ਨਾਰੀ ਦੇ ਮਾਨਸਿਕ ਸੰਤਾਪ ਨੂੰ ਆਪਣੇ ਨਾਵਲਾਂ ਦੇ ਪ੍ਰਮੁੱਖ ਸਰੋਕਾਰ ਬਣਾ ਕੇ ਪੇਸ਼ ਕੀਤਾ। ਇਨ੍ਹਾਂ ਇਸਤਰੀ ਨਾਵਲਕਾਰਾਂ ਵਿੱਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਬਲਜੀਤ ਕੌਰ ਬੱਲੀ ਆਦਿ ਸ਼ਾਮਿਲ ਹਨ। ਅੰਮ੍ਰਿਤਾ ਨੇ ਆਪਣੀਆਂ ਗਲਪੀ ਰਚਨਾਵਾਂ ਰਾਹੀਂ ਮੱਧਵਰਗੀ ਔਰਤ ਦਾ ਅਕਾਂਖਿਆਵਾਂ ਭਰਪੂਰ ਚਿਤਰ ਪੇਸ਼ ਕੀਤਾ ਹੈ। ਉਸ ਦੀਆਂ ਗਲਪੀ ਰਚਨਾਵਾਂ ਦੀ ਔਰਤ ਮਰਯਾਦਾ ਭੰਗ ਕਰਕੇ ਵੀ ਆਦਰਸ਼ ਦੀ ਇੱਕ ਪਰੰਪਰਾ ਵਿੱਚ ਬੱਝੀ ਰਹਿੰਦੀ ਹੈ। ਉਸਦੀ ਔਰਤ ਲਈ ਮਰਦ ਪ੍ਰਤੀ ਵਫ਼ਾਦਾਰੀ ਇੱਕ ਪ੍ਰਮੁੱਖ ਪ੍ਰਤਿਮਾਨ ਹੈ। ਉਸਦੀ ਔਰਤ ਬਰਾਬਰੀ ਦੇ ਸਾਥ ਲਈ ਸੰਘਰਸ਼ ਕਰਦੀ ਹੈ। ਇਸ ਤਰ੍ਹਾਂ ਅੰਮ੍ਰਿਤਾ ਦੁਆਰਾ ਸਿਰਜਿਆ ਨਾਰੀ ਬਿੰਬ ਰੁਮਾਂਟਿਕ ਆਦਰਸ਼ਵਾਦੀ ਕਿਸਮ ਦਾ ਹੈ। ਇਹ ਆਦਰਸ਼ ਉਸ ਸਮੇਂ ਮੱਧਵਰਗ ਦਾ ਸੀ। ਇਸ ਆਦਰਸ਼ ਵਿੱਚ ਮਰਦ ਦਾ ਪੂਰਕ ਹੋਣਾ ਸ਼ਾਮਲ ਸੀ। ਅੰਮ੍ਰਿਤਾ ਦੀ ਔਰਤ ਉੱਚ ਅਕਾਂਖਿਆਵਾਂ ਭਰਪੂਰ ਹੈ, ਆਪਣੀ ਹੋਂਦ ਲਈ ਉਹ ਮਰਯਾਦਾ ਵਿੱਚ ਰਹਿੰਦੀ ਹੈ। ਇਹ ਮਰਯਾਦਾ ਔਰਤ ਮਰਦ ਸਬੰਧਾਂ ਵਿੱਚ ਵਫ਼ਾਦਾਰੀ ਨਾਲ ਜੁੜੀ ਹੋਈ ਹੈ। ਅੰਮ੍ਰਿਤਾ ਵਫ਼ਾਦਾਰ ਰਹਿੰਦੀ ਹੋਈ, ਪਰ ਫ਼ੈਸਲੇ ਲੈਣ ਵਿੱਚ ਖ਼ੁਦਮੁਖ਼ਤਿਆਰ ਔਰਤ ਦੀ ਪੈਰਵੀ ਕਰਦੀ ਹੈ। ਉਸ ਸਮੇਂ ਦੀ ਔਰਤ ਪਰੰਪਰਾ ਤੇ ਪ੍ਰਗਤੀ ਵਿਚਕਾਰ ਲਟਕ ਰਹੀ ਸੀ। ਉਹ ਬਰਾਬਰੀ ਦੇ ਅਹਿਸਾਸ ਲਈ ਮਰਯਾਦਾ ਨਾਲ ਸੰਘਰਸ਼ ਕਰ ਰਹੀ ਸੀ। ਅੰਮ੍ਰਿਤਾ ਇਸ ਪੀੜਾ ਵਿੱਚੋਂ ਨਿਕਲਣ ਵਾਲੀ ਵਿਦਰੋਹੀ ਔਰਤ ਦੀ ਵਕਾਲਤ ਕਰ ਰਹੀ ਸੀ। ਅੰਮ੍ਰਿਤਾ ਪ੍ਰੀਤਮ ਦੀ ਨਾਵਲੀ ਸਿਰਜਣਕਾਰੀ ਵਿਚ ਜਿਹੜੀਆਂ ਵੀ ਨਾਰੀ ਪਾਤਰ ਹਨ ਉਹ ਲਗਭਗ ਇੱਕੋ ਸ਼ੇਡਜ਼ ਦੀਆਂ ਹਨ ਜਾਂ ਇਕ ਔਰਤ ਦਾ ਰਲਵੇਂ ਮਿਲਵੇਂ ਚਿਹਰਿਆਂ ਵਾਲਾ ਕੋਲਾਜ ਹੈ ਜਿਹੜਾ ਆਪਸ ਵਿਚ ਰਲਗਡ ਹੈ। ਉਹ ਪੰਜਾਬੀ ਗਲਪ ਵਿੱਚ ਨਾਰੀ ਸੰਵੇਦਨਾ ਦਾ ਨਿਵੇਕਲਾ ਮਾਡਲ ਲੈ ਕੇ ਆਉਂਦੀ ਹੈ। ਇਹ ਮਾਡਲ ਕਿਸੇ ਰਿਸ਼ਤੇ ਦੀ ਨਿੰਦਾ ਦੀ ਥਾਂ ਚਾਹਤ ਨਾਲ ਜੁੜਿਆ ਹੋਇਆ ਹੈ। ਇਹ ਚਾਹਤ ਕਿਸੇ ਪ੍ਰਕਾਰ ਦੇ ਕਬਜ਼ੇ ਤੋਂ ਮੁਕਤ ਹੈ ਅਤੇ ਪਰਿਵਾਰਕ ਇਕਾਈ ਨੂੰ ਪਰੰਪਰਾ ਦੀਆਂ ਸਾਰੀਆਂ ਮਰਯਾਦਾਵਾਂ ਤੋਂ ਮੁਕਤ ਕਰਦੀ ਹੈ। ਅੰਮ੍ਰਿਤਾ ਦੇ ਨਾਵਲਾਂ ਦੀ ਨਾਇਕਾ ਨਾਰੀ ਦੀ ਹੋਂਦ ਨੂੰ ਸੰਵੇਦਨਾ ਦੀਆਂ ਸੂਖ਼ਮ ਪਰਤਾਂ ਦੁਆਲੇ ਕਿਆਸਦੀ ਹੈ। ਨਾਰੀ ਸੰਵੇਦਨਾ ਦਾ ਉਹ ਅਜਿਹਾ ਮਾਡਲ ਲੈ ਕੇ ਆਉਂਦੀ ਹੈ ਜਿਹੜਾ ਪਰੰਪਰਾ ਅਤੇ ਆਧੁਨਿਕਤਾ ਦਰਮਿਆਨ ਲਟਕਦਾ ਹੈ। ਇਸੇ ਲਈ ਇਕ ਸੀ ਅਨੀਤਾ ਦੀ ਅਨੀਤਾ, ਪਿੰਜਰ ਦੀ ਪੂਰੋ ਅਤੇ ਡਾਕਟਰ ਦੇਵ ਦੀ ਮਮਤਾ ਅਜਿਹੀ ਸਥਿਤੀ ਵਿਚਕਾਰ ਫਸੀਆਂ ਹੋਈਆਂ ਹਨ। ਇਹਨਾਂ ਨਾਵਲਾਂ

ਦੀਆਂ ਨਾਰੀ ਪਾਤਰ ਇੱਕੋ ਸਮੇਂ ਕਈ ਪਰਤਾਂ ਵਿਚ ਜਿਉਂਦੀਆਂ ਹਨ। ਇਕ ਸੀ ਅਨੀਤਾ ਦੀ ਅਨੀਤਾ ਦੇ ਅੰਦਰ ਆਪਣੀ ਹੋਂਦ ਨੂੰ ਲੈ ਕੇ ਕਈ ਪ੍ਰਸ਼ਨ ਚਲਦੇ ਹਨ। ਉਹ ਆਪਣੇ ਨਵ-ਜਨਮੇ ਪੁੱਤਰ ਨੂੰ ਲੈ ਕੇ ਕਈ ਸਵਾਲਾਂ ਵਿਚ ਘਿਰੀ ਹੋਈ ਹੈ। ਉਹ ਯਥਾਰਥ ਅਤੇ ਕਲਪਿਤ ਸੰਸਾਰ ਵਿਚਕਾਰ ਲਟਕਦੀ ਹੈ। ਅੰਮ੍ਰਿਤਾ ਇਸ ਸਥਿਤੀ ਨੂੰ ਆਪਣੇ ਸੰਵੇਦਨੀ ਮਾਡਲ ਦਾ ਆਧਾਰ ਬਣਾ ਕੇ ਪੇਸ਼ ਕਰਦੀ ਹੈ।

> *ਜਦੋਂ ਕਿਸੇ ਕੁੜੀ ਦੇ ਵਿਆਹ ਦੀ ਬੇੜੀ ਛੱਲਾਂ ਦੀ ਮਨ ਆਈ ਨਾਲ ਕਿਸੇ ਟਾਪੂ 'ਤੇ ਪਹੁੰਚ ਜਾਂਦੀ ਹੈ, ਉਸ ਕੁੜੀ ਨੇ, ਉਸ ਯਾਤਰੂ ਨੇ, ਬਸ ਉੱਥੇ ਹੀ ਰਹਿਣਾ ਹੁੰਦਾ ਹੈ ਤੇ ਉਸ ਬੇੜੀ ਨੂੰ ਕਿਸੇ ਖ਼ਿਆਲ ਦਾ ਕੋਈ ਚੱਪੂ ਲਾਣਾ ਉਹਦੇ ਲਈ ਵਰਜਿਤ ਹੋ ਜਾਂਦਾ ਹੈ। ਇਸ ਲਈ ਉਸ ਨੇ ਕਦੀ ਅੱਖ ਭਰ ਕੇ ਕਿਸੇ ਚੱਪੂ ਵਲ ਤੱਕਿਆ ਹੀ ਨਹੀਂ।* [7]

ਇਹ ਅੰਮ੍ਰਿਤਾ ਪ੍ਰੀਤਮ ਦਾ ਵਿੱਲਖਣ ਸੰਵੇਦਨੀ ਮਾਡਲ ਹੈ। ਇਹ ਨਾਰੀ ਮੁਕਤੀ ਦਾ ਉਹ ਸੰਵੇਦਨੀ ਮਾਡਲ ਹੈ ਜਿਹੜਾ ਵੀਹਵੀਂ ਸਦੀ ਦੇ ਅੱਧ ਵਿਚ ਸ਼ਹਿਰੀ ਮੱਧ ਵਰਗ ਦੇ ਦ੍ਰਿਸ਼ਟੀਗਤ ਪਾਸਾਰ ਦਾ ਕੇਂਦਰ ਸੀ। ਅੰਮ੍ਰਿਤਾ ਪ੍ਰੀਤਮ ਅਜ਼ਾਦੀ ਤੋਂ ਬਾਅਦ ਮੱਧਵਰਗੀ ਨਾਰੀ ਸੰਵੇਦਨਾ 'ਤੇ ਅਧਾਰਿਤ ਨਾਰੀ ਮੁਕਤੀ ਦਾ ਇਕ ਮਾਡਲ ਪੇਸ਼ ਕਰਦੀ ਹੈ ਜਿਸ ਦਾ ਸੁਭਾਅ ਮੁੱਲਾਂ ਨੂੰ ਰੱਦਣ ਦੀ ਥਾਂ ਰਿਸ਼ਤਿਆਂ ਦੀ ਸਮਤਾ ਵਿਚੋਂ ਆਪਣਾ ਰਾਹ ਤਲਾਸ਼ਦਾ ਹੈ। ਇਹ ਪੰਜਾਬੀ ਨਾਰੀ ਚੇਤਨਾ ਦਾ ਆਧਾਰ ਬਣਦਾ ਹੈ।

ਸਾਡੀ ਦੂਜੀ ਪ੍ਰਮੁੱਖ ਇਸਤਰੀ ਨਾਵਲਕਾਰਾ ਦਲੀਪ ਕੌਰ ਟਿਵਾਣਾ ਹੈ। ਟਿਵਾਣਾ ਦਾ ਨਾਵਲੀ ਸਫ਼ਰ ਕਾਫ਼ੀ ਲੰਮਾ ਹੈ। ਉਸਨੇ ਆਪਣੇ ਬਹੁ-ਚਰਚਿਤ ਨਾਵਲ ਇਹ ਹਮਾਰਾ ਜੀਵਣਾ, ਪੀਲੇ ਪੱਤਿਆਂ ਦੀ ਦਾਸਤਾਨ, ਹਸਤਾਖ਼ਰ, ਪੈੜ ਚਾਲ, ਲੰਘ ਗਏ ਦਰਿਆ, ਕਥਾ ਕੁਕਨਸ ਦੀ, ਕਥਾ ਕਹੋ ਉਰਵਸ਼ੀ ਆਦਿ ਵਿੱਚ ਪੇਂਡੂ ਜੀਵਨ ਅਨੁਭਵ ਦੇ ਨਾਲ-ਨਾਲ ਅਜੋਕੇ ਨਗਰ ਤੇ ਮਹਾਂਨਗਰ ਦੇ ਮਾਹੌਲ ਨੂੰ ਪਿਛੋਕੜ ਵਿੱਚ ਰੱਖ ਕੇ ਨਾਰੀ ਦੀ ਬਦਲਦੀ ਹੋਈ ਸਥਿਤੀ ਤੇ ਹੋਂਦ ਦਾ ਗਲਪੀ ਵਿਸ਼ਲੇਸ਼ਣ ਕੀਤਾ ਹੈ। ਟਿਵਾਣਾ ਦੇ ਬਹੁਤੇ ਨਾਵਲ ਨਾਰੀ ਦੀ ਤ੍ਰਾਸਦਿਕ ਸਥਿਤੀ ਨਾਲ ਸਬੰਧਿਤ ਹਨ। ਉਸਦੇ ਪਹਿਲੇ ਨਾਵਲਾਂ ਅਗਨੀ ਪ੍ਰੀਖਿਆ, ਤੀਲੀ ਦਾ ਨਿਸ਼ਾਨ, ਸੂਰਜ ਤੇ ਸਮੁੰਦਰ ਵਿੱਚੋਂ ਪ੍ਰੰਪਰਾਗਤ ਨਾਰੀ ਦਾ ਬਿੰਬ ਉੱਭਰਦਾ ਹੈ ਜੋ ਆਪਣੀ ਸਥਿਤੀ ਨੂੰ ਹੋਣੀ ਵਜੋਂ ਸਵੀਕਾਰਦੀ ਹੋਈ ਦੁੱਖ ਭੋਗਦੀ ਹੈ। ਦੂਜੀ ਸ਼੍ਰੇਣੀ ਦੇ ਨਾਵਲਾਂ (ਇਹ ਹਮਾਰਾ ਜੀਵਣਾ, ਦੂਸਰੀ ਸੀਤਾ, ਸਭ ਦੇਸ ਪਰਾਇਆ) ਵਿਚਲੀ ਔਰਤ ਪ੍ਰਸਥਿਤੀਆਂ ਦੀ ਪ੍ਰਬਲਤਾ ਅਤੇ ਜਟਿਲਤਾ ਦੇ ਬਾਵਜੂਦ ਆਪਣੀ ਹੋਂਦ ਤੇ ਹੱਕਾਂ ਲਈ ਸੰਘਰਸ਼ ਕਰਦੀ ਹੈ। ਇੱਥੇ ਟਿਵਾਣਾ ਦਾ ਰਵੱਈਆ ਵਧੇਰੇ ਯਥਾਰਥਕ ਹੈ। ਤੀਜੀ ਵੰਨਗੀ ਵਿੱਚ ਟਿਵਾਣਾ ਦੇ ਉਹ ਨਾਵਲ ਆਉਂਦੇ ਹਨ ਜਿਹਨਾਂ ਵਿਚਲੀ ਔਰਤ ਪੜ੍ਹ-ਲਿਖ ਕੇ ਆਪਣੇ ਹੱਕਾਂ ਪ੍ਰਤੀ ਵਧੇਰੇ ਸੁਚੇਤ ਹੈ। ਇਸ ਪੱਖੋਂ ਧੁੱਪ, ਛਾਂ ਤੇ ਰੁੱਖ ਦੀ ਰੀਟਾ, ਪੀਲੇ ਪੱਤਿਆਂ ਦੀ ਦਾਸਤਾਨ ਦੀ ਊਸ਼ਾ, ਹਸਤਾਖ਼ਰ ਤੇ ਪੈੜ-ਚਾਲ ਨੂੰ ਵੇਖਿਆ ਜਾ ਸਕਦਾ ਹੈ।

ਟਿਵਾਣਾ ਦੀਆਂ ਔਰਤ ਪਾਤਰ ਇੱਕ ਮਰਯਾਦਾ ਵਿੱਚ ਵਿਵਹਾਰ ਕਰਦੀਆਂ ਹਨ। ਉਸ ਦੇ ਕਾਲਪਨਿਕ ਜਗਤ ਵਿੱਚ ਭਾਰਤੀ ਮਰਦ ਪ੍ਰਧਾਨ ਸਮਾਜਿਕ ਜੀਵਨ ਸ਼ੈਲੀ ਅਨੁਸਾਰ ਆਦਰਸ਼ਕ ਰੂਪ ਵਿੱਚ ਢਲੀ ਔਰਤ ਦਾ ਬਿੰਬ ਬੇਜੀ ਜਾਂ ਭੂਆ ਗੌਤਮੀ ਵਰਗੇ ਪਾਤਰ ਹਨ। ਦੂਜਾ ਉਹ ਨਾਰੀ ਪਾਤਰ ਹਨ ਜਿਹੜੀਆਂ ਮਰਯਾਦਾਗਤ ਪੰਜਾਬੀ ਜੀਵਨ ਜਾਚ ਅਨੁਸਾਰ ਪਲੀਆਂ ਤੇ ਢਲੀਆਂ ਹਨ। ਟਿਵਾਣਾ ਦੇ ਨਾਵਲ ਏਹ ਹਮਾਰਾ ਜੀਵਣਾ ਦੀ ਸਾਧਾਰਨ ਔਰਤ ਭਾਨੋ ਹੋਵੇ ਜਾਂ ਧੁੱਪ ਛਾਂ ਤੇ ਰੁੱਖ ਤੇ ਹਸਤਾਖ਼ਰ ਦੀ ਕਲਾਕਾਰ ਔਰਤ ਕਮਲਾ ਜਾਂ ਸੀਮਾ, ਲੰਘ ਗਏ ਦਰਿਆ ਵਿੱਚ ਸਰਦਾਰਾਂ ਦੀ ਧੀ ਕੁੱਕੂ ਹੋਵੇ ਜਾਂ ਸੂਰਜ ਤੇ ਸਮੁੰਦਰ ਦੀ ਸੋਨਾ : ਟਿਵਾਣਾ ਦੁਆਰਾ ਸਿਰਜੀਆਂ ਇਹ ਔਰਤਾਂ ਦੀ ਸ਼ਾਇਸਤਗੀ ਸਾਰੀ ਪੀੜਾ ਦੇ ਬਾਵਜੂਦ ਕਾਇਮ ਰਹਿੰਦੀ ਹੈ। ਟਿਵਾਣਾ ਦੇ ਗਲਪੀ ਸੰਸਾਰ ਵਿੱਚ ਪਰੰਪਰਾ ਨੂੰ ਤਜ ਕੇ ਰਿਸ਼ਤੇ ਸਿਰਜਣ ਦੇ ਪ੍ਰਯੋਗਾਂ ਵਿੱਚ ਪਈ ਔਰਤ ਦਾ ਨਮੂਨਾ ਦੂਨੀ ਸੁਹਾਵਾ ਬਾਗ ਦੀ ਰਮਣੀਕ, ਧੁੱਪ ਛਾਂ ਤੇ ਰੁੱਖ ਦੀ ਰੀਟਾ ਅਤੇ ਪੀਲੇ ਪੱਤਿਆਂ ਦੀ ਦਾਸਤਾਨ ਦੀ ਊਸ਼ਾ ਦੇ ਰੂਪ ਵਿੱਚ ਸਾਹਮਣੇ ਆਇਆ ਹੈ, ਪਰ ਅਜਿਹੇ ਪ੍ਰਯੋਗਾਂ ਨੂੰ ਟਿਵਾਣਾ ਨੇ ਸੁਚੇਤ ਰੂਪ ਵਿੱਚ ਨਕਾਰਿਆ ਹੈ। ਉਸਦੇ ਗਲਪ ਵਿੱਚ ਤਾਂ ਮਰਯਾਦਾਵਾਂ, ਸਲੀਕਿਆਂ ਦੀ ਅਵੱਗਿਆ ਕਰਨ ਵਾਲੀ ਔਰਤ ਪ੍ਰਵਾਨ ਹੀ ਨਹੀਂ ਹੋਈ। ਦੂਨੀ ਸੁਹਵਾ ਬਾਗ ਦੀ ਅਬਨਾਸ਼ ਅਤੇ ਕਥਾ ਕਹੋ ਉਰਵਸ਼ੀ ਦੀ ਅਲਕਾ ਇਸ ਦੀਆਂ ਉਦਾਹਰਣਾਂ ਹਨ। ਟਿਵਾਣਾ ਦੀਆਂ ਨਾਰੀ ਪਾਤਰਾਂ ਬਾਰੇ ਡਾ. ਰਜਨੀਸ਼ ਬਹਾਦਰ ਦੀ ਟਿੱਪਣੀ ਮਹੱਤਵਪੂਰਨ ਹੈ :

> *ਟਿਵਾਣਾ ਦੇ ਨਾਵਲਾਂ ਦੀਆਂ ਨਾਇਕਾਵਾਂ ਆਮ ਤੌਰ 'ਤੇ ਆਪਣੀ ਸ਼ਕਤੀ ਦੁੱਖ ਜਰਨ ਵਿੱਚ ਮੰਨਦੀਆਂ ਹਨ। ਉਸ ਦੀਆਂ ਨਾਇਕਾਵਾਂ ਆਚਰਣ ਪ੍ਰਤੀ ਸਭ ਤੋਂ ਵੱਧ ਚੇਤੰਨ ਰਹਿੰਦੀਆਂ ਹਨ। ਇਹ ਔਰਤਾਂ ਪੇਂਡੂ ਸਮਾਜਚਾਰੇ ਦੀ ਉਪਜ ਹਨ। ਟਿਵਾਣਾ ਦੇ ਨਾਵਲਾਂ ਵਿੱਚ ਜਿਹੜੀਆਂ ਪੜ੍ਹੀਆਂ ਲਿਖੀਆਂ ਔਰਤਾਂ ਉਭਰਦੀਆਂ ਹਨ ਉਹ ਭਾਵੇਂ ਆਰਥਿਕ ਤੌਰ 'ਤੇ ਆਜ਼ਾਦ ਹਨ ਪਰੰਤੂ ਉਹ ਵੀ ਇਕ ਪਰੰਪਰਾ ਵਿੱਚ ਬੱਝੀਆਂ ਹੋਈਆਂ ਹਨ। ਟਿਵਾਣਾ ਦੀਆਂ ਔਰਤ ਪਾਤਰ ਕਿਸੇ ਸੰਘਰਸ਼ ਵਿੱਚ ਨਹੀਂ ਪੈਂਦੀਆਂ। ਉਹ ਮੋਟੇ ਰੂਪ ਵਿੱਚ ਮਰਦ ਦੀ ਬਣਾਈ ਹੋਈ ਮਰਿਆਦਾ ਵਿੱਚ ਜਿਉਂਦੀਆਂ ਹਨ।* [8]

ਪੰਜਾਬੀ ਗਲਪ ਦੀ ਬੇਬਾਕ ਹਸਤਾਖ਼ਰ ਅਜੀਤ ਕੌਰ ਹੈ। ਅਜੀਤ ਕੌਰ ਨੇ ਆਪਣੇ ਨਾਵਲਾਂ ਵਿੱਚ ਮਹਾਂਨਗਰ ਦੇ ਜੀਵਨ ਅਨੁਭਵ ਨੂੰ ਮੂਰਤੀਮਾਨ ਕਰਦਿਆਂ ਇਸਤਰੀ ਪੁਰਖ ਸਬੰਧਾਂ ਵਿੱਚ ਪੈਦਾ ਹੋ ਰਹੇ ਤਣਾਉ ਤੇ ਟਕਰਾਓ ਨੂੰ ਬੇਬਾਕੀ ਨਾਲ ਚਿਤਰਿਆ ਹੈ। ਪੋਸਟ ਮਾਰਟਮ, ਫ਼ਾਲਤੂ ਔਰਤ, ਧੁੱਪ ਵਾਲਾ ਸ਼ਹਿਰ ਤੇ ਗੌਰੀ ਉਸਦੇ ਮਹੱਤਵਪੂਰਨ ਨਾਵਲ ਹਨ। ਇਹਨਾਂ ਨਾਵਲਾਂ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਵਿਡੰਬਣਾ ਦੀ ਜੁਗਤ ਰਾਹੀਂ ਉੱਭਰ ਕੇ ਸਾਹਮਣੇ ਆਈ ਹੈ। ਅਜੀਤ ਕੌਰ ਦੀ ਔਰਤ ਆਰਥਿਕ ਤੌਰ 'ਤੇ ਤਾਂ ਸੁਤੰਤਰ ਹੈ, ਪਰ ਉਹ ਜਿਨਸੀ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ। ਅਜੀਤ ਕੌਰ ਦੀ ਸੁਤੰਤਰ ਤੇ ਮੁਕਤ ਕਹਾਉਣ ਵਾਲੀ ਔਰਤ ਅਜੇ ਜ਼ਿਹਨੀ ਤੇ ਜਜ਼ਬਾਤੀ ਤੌਰ 'ਤੇ ਮਰਦ ਦੀ ਗ਼ੁਲਾਮ ਹੈ।

ਪੰਜਾਬੀ ਨਾਵਲ ਵਿੱਚ ਨਾਰੀ ਪਾਤਰਾਂ ਦੀ ਇਹ ਸਥਿਤੀ 1990 ਤੱਕ ਦੀ ਹੈ। 1990 ਤੋਂ ਬਾਅਦ ਦਾ ਪੰਜਾਬੀ ਨਾਵਲ ਜਿਸਨੂੰ ਮੈਂ ਸਮਕਾਲੀ ਪੰਜਾਬੀ ਨਾਵਲ ਅਧੀਨ ਵਿਚਾਰਦੀ ਹਾਂ, ਵਿੱਚ ਨਾਰੀ ਇੱਕ ਵੱਖਰੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਉਂਝ ਤਾਂ ਪੰਜਾਬੀ ਨਾਵਲ ਸ਼ੁਰੂ ਤੋਂ ਹੀ ਔਰਤ ਨਾਲ ਹੁੰਦੀਆਂ ਵਧੀਕੀਆਂ, ਬੇਇਨਸਾਫ਼ੀਆਂ, ਉਸਦੀਆਂ ਜਿਸਮੀ-ਜ਼ਿਹਨੀ ਲੋੜਾਂ ਦੇ ਨਾਲ-ਨਾਲ ਉਸਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਨੂੰ ਬਾਖ਼ੂਬੀ ਸੰਬੋਧਿਤ ਹੁੰਦਾ ਰਿਹਾ ਹੈ, ਪਰ ਨਵੇਂ ਪੰਜਾਬੀ ਨਾਵਲ ਵਿੱਚ ਖ਼ਾਸ ਕਰ ਮਰਦ ਲੇਖਕਾਂ ਦੁਆਰਾ ਲਿਖੇ ਗਏ ਨਾਵਲਾਂ ਵਿੱਚ ਬਦਲਦੀਆਂ ਪ੍ਰਸਥਿਤੀਆਂ ਵਿੱਚ ਨਾਰੀ ਦੀਆਂ ਅੰਤਰਮੁਖਤਾਵਾਂ ਨਵੇਂ ਰੋਲ ਵਿੱਚ ਉੱਭਰ ਰਹੀਆਂ ਹਨ। ਸਮਕਾਲੀ ਨਾਵਲ ਵਿਚਲੀ ਨਾਰੀ ਪ੍ਰੰਪਰਾਗਤ ਮਰਯਾਦਾ ਤੋਂ ਮੁਕਤ ਹੋ ਕੇ ਆਪਣੀ ਹੋਂਦ ਤੇ ਹੋਣੀ ਨਾਲ ਜੂਝਦੀ ਹੋਈ ਜੀਵਨ ਜੀਊਣ ਦੇ ਨਵੇਂ ਪ੍ਰਤਿਮਾਨ ਸਿਰਜਦੀ ਨਜ਼ਰ ਆਉਂਦੀ ਹੈ। ਸਮਕਾਲੀ ਨਾਵਲ ਸਮਕਾਲ ਤੇ ਇਤਿਹਾਸ

ਨੂੰ ਇੱਕੋ ਸਮੇਂ ਸੰਬੋਧਿਤ ਹੁੰਦਾ ਹੋਇਆ ਨਾਰੀ ਚੇਤਨਾ ਦਾ ਬਹੁ-ਪਰਤੀ ਬਿੰਬ ਉਭਾਰ ਰਿਹਾ ਹੈ। ਸਮਕਾਲੀ ਪੰਜਾਬੀ ਨਾਵਲਕਾਰਾਂ ਵਿੱਚ ਜਸਵਿੰਦਰ ਸਿੰਘ, ਬਲਵੀਰ ਪਰਵਾਨਾ, ਡਾ. ਮਨਮੋਹਨ, ਮਨਮੋਹਨ ਬਾਵਾ, ਬਲਦੇਵ ਸਿੰਘ, ਨਛੱਤਰ, ਪ੍ਰਗਟ ਸਿੰਘ ਸਤੌਜ, ਸੁਰਿੰਦਰ ਨੀਰ, ਜਸਬੀਰ ਮੰਡ ਆਦਿ ਪ੍ਰਮੁੱਖ ਨਾਂ ਹਨ।

ਇਸ ਸਮੇਂ ਦੌਰਾਨ ਲਿਖਿਆ ਗਿਆ ਮਨਮੋਹਨ ਬਾਵਾ ਦਾ ਨਾਵਲ ਅਫ਼ਗ਼ਾਨਿਸਤਾਨ ਦੀ ਉਰਸਿਲਾ ਅਜਿਹਾ ਨਾਵਲ ਹੈ ਜਿਸਦੇ ਕੇਂਦਰ ਵਿੱਚ ਅਫ਼ਗ਼ਾਨਿਸਤਾਨ ਦੇ ਕਬੀਲਿਆਂ ਦੀ ਉਹ ਔਰਤ ਹੈ ਜਿਹੜੀ ਆਪਣੀ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਵਿੱਚ ਵਿਸ਼ਵਾਸ ਕਰਦੀ ਹੈ। ਬਾਵਾ ਔਰਤ ਦੇ ਭਾਵੇਂ ਕਬੀਲਾਈ ਰੂਪ ਨੂੰ ਉਭਾਰਦਾ ਹੈ, ਪ੍ਰੰਤੂ ਉਸਦੀ ਚੇਤਨਾ ਦੇ ਸਰੋਕਾਰ ਆਧੁਨਿਕ ਨਾਰੀ ਨਾਲ ਜੁੜੇ ਹੋਏ ਹਨ।

> *"ਉਰਸੁਲਾ ਆਪਣੇ ਪੂਰੇ ਜਲੌ ਵਿਚ ਸੀ। ਉੱਚੇ ਨੀਵੇਂ ਰਸਤਿਆਂ ਤੇ ਤੁਰਦਿਆਂ ਉਹ ਕੋਈ ਜਿਸਮ ਨਹੀਂ ਬਲਕਿ ਕੋਈ ਅਲੌਕਿਕ ਜਿਹੀ ਸ਼ੈਅ ਪ੍ਰਤੀਤ ਹੋਣ ਲੱਗਦੀ। ਕਿਸੇ ਕਿਸੇ ਵੇਲੇ ਉਹ ਵਜਦ ਵਿਚ ਆ ਕੇ ਆਪਣੇ ਦੋਵੇਂ ਹੱਥ ਹਵਾ ਵਿਚ ਪਸਾਰਦੀ ਅਤੇ ਹਰੀਆਂ ਢਲਾਣਾਂ ਤੇ ਨੱਸਣ ਲੱਗਦੀ – ਪੰਛੀਆਂ ਵਾਂਗ, ਪਰਬਤ ਦੇ ਝਰਨਿਆਂ ਵਾਂਗ। ਕਿਸੇ ਵੇਲੇ ਬਿਲਾਸੀ ਨੂੰ ਕਹਿੰਦੀ, "ਆਹ! ਇਹ ਜ਼ਿੰਦਗੀ ਹੈ। ਇਹ ਜਿਉਣਾ ਹੈ। ਜੀ ਕਰਦਾ ਹੈ ਕਿ ਸਾਰੀ ਉਮਰ ਤੁਰਦੀ ਰਹਾਂ, ਇਸੇ ਤਰ੍ਹਾਂ ਖ਼ਾਨਾਬਦੋਸ਼ਾਂ ਨਾਲ, ਹਰ ਖੰਡਰ, ਹਰ ਪਰਬਤ, ਹਰ ਦਰਿਆ, ਹਰ ਸਹਿਰਾ ਨੂੰ ਪਾਰ ਕਰਦਿਆਂ...ਬਸ ਤੁਰਦੀ ਰਹਾਂ...!"* [9]

ਬਲਬੀਰ ਪਰਵਾਨਾ ਆਪਣੇ ਨਾਵਲ ਅੰਬਰ ਵੱਲ ਉਡਾਣ ਅਤੇ ਬਹੁਤ ਸਾਰੇ ਚੁਰੱਸਤੇ ਵਿੱਚ ਅਜਿਹੀ ਔਰਤ ਦੀ ਪੇਸ਼ਕਾਰੀ ਕਰਦਾ ਹੈ ਜੋ ਮਰਦ ਤੋਂ ਸੁਤੰਤਰ ਆਪਣੀ ਆਜ਼ਾਦ ਹੋਂਦ ਹੀ ਕਾਇਮ ਨਹੀਂ ਰੱਖਦੀਆਂ ਸਗੋਂ ਆਪਣੀ ਦੇਹ ਨੂੰ ਆਪਣੀ ਸਫਲਤਾ ਲਈ ਵਰਤਦੀ ਹੈ। ਬਹੁਤ ਸਾਰੇ ਚੁਰੱਸਤੇ ਦੀ ਪ੍ਰਿਯੰਕਾ ਤੇ ਨਵਜੋਤ ਅਤੇ ਅੰਬਰ ਵੱਲ ਉਡਾਣ ਦੀ ਦੀਪੀ ਅਜਿਹੀਆਂ ਔਰਤਾਂ ਹਨ ਜਿਹੜੀਆਂ ਸਮਕਾਲੀ ਮੰਡੀ ਦੇ ਵਰਤਾਰੇ ਵਿੱਚ ਆਪਣੀ ਹੋਂਦ ਨੂੰ ਆਪਣੀ ਕਾਮਯਾਬੀ ਦਾ ਵਾਹਨ ਬਣਾਉਂਦੀਆਂ ਹਨ। ਇਸੇ ਤਰ੍ਹਾਂ ਕਥਾ ਇਸ ਯੁਗ ਦੀ ਨਾਵਲ ਦੀ ਪਾਤਰ ਅਚਲਾ ਆਪਣੀਆਂ ਸ਼ਰਤਾਂ 'ਤੇ ਜੀਉਂਦੀ ਹੈ, ਆਪਣੀ ਮਰਜ਼ੀ ਅਨੁਸਾਰ ਸਬੰਧ ਸਿਰਜਦੀ ਹੈ। ਅੰਬਰ ਵੱਲ ਉਡਾਣ ਦੀ ਪਾਲੀ ਵੀ ਮੁਕਤ ਸੰਸਾਰ ਵੱਲ ਵੱਧਣਾ ਲੋਚਦੀ ਹੈ, ਪਰ ਉਸਦੀ ਫੜਫੜਾਹਟ ਕਾਰਪੋਰੇਟ ਪੂੰਜੀ ਚ ਉਲਝ ਜਾਂਦੀ ਹੈ। ਅਸਲ ਵਿੱਚ ਇਹ ਉਸ ਆਹਟ ਦੀ ਕਨਸੋਅ ਹੈ ਜਿਸ ਵੱਲ ਨਵੀਂ ਪੀੜੀ ਕਦਮ ਪੁੱਟ ਰਹੀ ਹੈ।

ਇਸੇ ਤਰ੍ਹਾਂ ਜਸਵਿੰਦਰ ਦੇ ਨਾਵਲ ਮਾਤ ਲੋਕ ਵਿੱਚ ਜਿਹੜੇ ਨਾਰੀ ਪਾਤਰ ਪੇਸ਼ ਹੋਏ ਹਨ, ਉਹ ਸਮਕਾਲੀ ਸਮਾਜ ਦੀਆਂ ਵੱਖਰੀਆਂ-ਵੱਖਰੀਆਂ ਸ਼ੇਡਜ਼ ਹਨ। ਪੜ੍ਹੀ-ਲਿਖੀ ਮਨਰਾਜ ਨਾ ਸਿਰਫ਼ ਆਪਣੀ ਸੁਤੰਤਰ ਹਸਤੀ ਪ੍ਰਤੀ ਸੁਚੇਤ ਹੈ ਸਗੋਂ ਲੋੜ ਪੈਣ 'ਤੇ ਆਪਣੇ ਹੱਕਾਂ ਲਈ ਲੜਨ ਵਿੱਚ ਵੀ ਵਿਸ਼ਵਾਸ ਰੱਖਦੀ ਹੈ। ਦੂਜੇ ਪਾਸੇ ਇਸ ਨਾਵਲ ਦੀ ਪਾਤਰ ਹੇਮਾ ਹੈ ਜੋ ਆਪਣੀ ਦੇਹ ਨੂੰ ਆਪਣੀ ਆਰਥਿਕ ਸਫਲਤਾ ਦੇ ਵਾਹਨ ਵਜੋਂ ਵਰਤਦੀ ਹੈ।

ਸਮਕਾਲ ਵਿੱਚ ਕਾਰਜਸ਼ੀਲ ਨਾਰੀ ਨਾਵਲਕਾਰਾਂ ਵਿੱਚ ਸਭ ਤੋਂ ਵਧੇਰੇ ਜ਼ਿਕਰਯੋਗ ਨਾਂ ਸੁਰਿੰਦਰ ਨੀਰ ਹੈ। ਨੀਰ ਆਪਣੇ ਨਾਵਲ ਮਾਇਆ ਅਤੇ ਸ਼ਿਕਾਰਗਾਹ ਦੇ ਜ਼ਰੀਏ ਸਮਕਾਲੀ ਪੰਜਾਬੀ ਨਾਵਲ ਵਿੱਚ ਵੱਡਾ ਦਖ਼ਲ ਕਰਦੀ ਹੈ। ਨੀਰ ਦੇ ਨਾਵਲ ਮਾਇਆ ਵਿਚਲੀ ਮੁੱਖ ਪਾਤਰ ਬਲਵੀਰ (ਬਿੱਲੀ) ਪਰਵਾਨਾ ਦੇ ਪਾਤਰ ਦੀਪੀ ਅਤੇ ਪ੍ਰਿਯੰਕਾ ਅਤੇ ਜਸਵਿੰਦਰ ਦੀ ਪਾਤਰ ਹੇਮਾ ਵਾਂਗ ਹੀ ਆਪਣੀ ਦੇਹ ਨੂੰ ਵਰਤਦੀ ਹੋਈ ਸਫਲਤਾ ਦੀਆਂ ਪਉੜੀਆਂ ਚੜ੍ਹਦੀ ਹੈ।

ਪੰਜਾਬ ਵਿੱਚ ਰਚੇ ਜਾ ਰਹੇ ਪੰਜਾਬੀ ਨਾਵਲ ਦੇ ਸਮਾਂਨਾਂਤਰ ਪ੍ਰਵਾਸੀ ਪੰਜਾਬੀ ਨਾਵਲ ਵੀ ਔਰਤ ਦੀ ਹੋਂਦ ਅਤੇ ਹੋਣੀ ਨੂੰ ਸੁਚੇਤ ਰੂਪ ਵਿੱਚ ਸੰਬੋਧਿਤ ਹੋ ਰਿਹਾ ਹੈ। ਇਸ ਦੀਆਂ ਜੜ੍ਹਾਂ ਸਵਰਨ ਚੰਦਨ ਦੇ ਨਾਵਲ ਕੰਜਕਾਂ ਵਿੱਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਉਸ ਦੇ ਨਾਵਲ ਦੀ ਨਾਇਕਾ ਪ੍ਰੰਪਰਾਗਤ ਭਾਰਤੀ ਔਰਤ ਦੇ ਜੀਵਨ ਮੁੱਲਾਂ ਵਾਲੀ ਮਿੱਥ ਨੂੰ ਭੰਗ ਕਰਦੀ ਹੈ। ਇਹ ਮਿੱਥ ਭੰਜਨ ਹੀ ਉਸਦੇ ਨਾਵਲ ਦੀ ਔਰਤ ਦਾ ਦੁਖਾਂਤ ਬਣ ਕੇ ਉੱਭਰਦਾ ਹੈ।

ਪਰਵਾਸੀ ਪੰਜਾਬੀ ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਜੋ ਪਿਛਲੇ ਲਗਭਗ ਵੀਹ ਸਾਲਾਂ ਤੋਂ ਨਾਵਲਕਾਰੀ ਦੇ ਖੇਤਰ ਵਿੱਚ ਸਰਗਰਮ ਹੈ, ਨੇ ਆਪਣੇ ਨਾਵਲਾਂ ਵਿੱਚ ਪਰਵਾਸੀ ਜੀਵਨ ਦੇ ਅਨੁਭਵਾਂ ਦੇ ਨਾਲ-ਨਾਲ ਇਤਿਹਾਸ ਚੇਤਨਾ, ਸਮਾਜਿਕ ਯਥਾਰਥ, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਰੂਪ ਅਤੇ ਸਮਕਾਲੀ ਜੀਵਨ ਦੀਆਂ ਜਟਿਲਤਾਵਾਂ ਨੂੰ ਰੂਪਮਾਨ ਕੀਤਾ ਹੈ। ਉਸਦੀ ਨਾਵਲੀ ਦ੍ਰਿਸ਼ਟੀ ਇਤਿਹਾਸ ਨੂੰ ਕੇਵਲ ਅਤੀਤ ਦੀ ਪੁਨਰ-ਸਿਰਜਣਾ ਵਜੋਂ ਨਹੀਂ, ਸਗੋਂ ਵਰਤਮਾਨ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਸਮਝਣ ਦੇ ਮਹੱਤਵਪੂਰਨ ਮਾਧਿਅਮ ਵਜੋਂ ਗ੍ਰਹਿਣ ਕਰਦੀ ਹੈ। ਇਸੇ ਵਿਆਪਕ ਨਾਵਲੀ ਦ੍ਰਿਸ਼ਟੀ ਦੇ ਅੰਤਰਗਤ ਉਹ ਆਪਣੇ ਨਾਵਲਾਂ ਵਿੱਚ ਔਰਤ ਦੀ ਹੋਣੀ ਨੂੰ ਕਿਸੇ ਇੱਕ ਸਮਾਜਿਕ ਸੰਦਰਭ ਤੱਕ ਸੀਮਤ ਰੱਖ ਕੇ ਨਹੀਂ ਸਗੋਂ ਉਸਨੂੰ ਪਿਤਰਕੀ, ਆਰਥਿਕਤਾ, ਸੱਭਿਆਚਾਰ ਅਤੇ ਸੱਤਾ ਦੇ ਆਪਸੀ ਸੰਬੰਧਾਂ ਦੇ ਪ੍ਰਸੰਗ ਵਿੱਚ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਧਾਲੀਵਾਲ ਦੇ ਨਾਵਲਾਂ ਵਿਚਲੀ ਔਰਤ ਪਿਤਰਕੀ ਨਿਯੰਤਰਣ ਨੂੰ ਕਦੇ ਪ੍ਰਤੱਖ ਅਤੇ ਕਦੇ ਅੰਦਰੂਨੀ ਪ੍ਰਤੀਰੋਧ ਰਾਹੀਂ ਚੁਣੌਤੀ ਦਿੰਦੀ ਹੈ। ਉਸ ਦੇ ਨਾਵਲ ਸੋਫੀਆ ਵਿੱਚ ਇਹ ਚੇਤਨਾ ਨਿੱਜੀ ਜੀਵਨ ਦੀਆਂ ਹੱਦਾਂ ਤੋਂ ਪਾਰ ਜਾ ਕੇ ਸਮਾਜਿਕ ਅਤੇ ਰਾਜਨੀਤਕ ਸਰਗਰਮੀ ਦਾ ਰੂਪ ਧਾਰਦੀ ਹੈ। ਸੋਫੀਆ ਇੰਗਲੈਂਡ ਵਿੱਚ ਵੀਹਵੀਂ ਸ਼ਤਾਬਦੀ ਦੇ ਆਰੰਭ ਵਿੱਚ ਔਰਤਾਂ ਦੇ ਵੋਟ ਦੇ ਅਧਿਕਾਰ ਨੂੰ ਲੈ ਕੇ ਚੱਲੀ ਸਫ਼ਰਜੈਂਟ ਲਹਿਰ ਵਿੱਚ ਸ਼ਾਮਿਲ ਹੁੰਦੀ ਹੈ ਅਤੇ ਐਮਲੀਨ ਪੈਂਕਹਰਸਟ ਨੂੰ ਭਰੋਸਾ ਦਿਵਾਉਂਦਿਆਂ ਕਹਿੰਦੀ ਹੈ:

> *"ਮੈਂ ਤੁਹਾਡੇ ਨਾਲ ਹਾਂ। ਔਰਤਾਂ ਦੇ ਹੱਕਾਂ ਲਈ ਮੈਂ ਕੁਝ ਵੀ ਕਰਨ ਨੂੰ ਤਿਆਰ ਹਾਂ।"* [10]

ਧਾਲੀਵਾਲ ਦੇ ਨਾਰੀ ਪਾਤਰਾਂ ਦਾ ਅਧਿਐਨ ਇਹ ਦਰਸਾਉਂਦਾ ਹੈ ਕਿ ਭੂਗੋਲਿਕ ਤਬਦੀਲੀ ਦੇ ਬਾਵਜੂਦ ਔਰਤ ਪ੍ਰਤੀ ਪੁਰਾਣੇ ਪਿਤਰਕੀ ਮੁੱਲ ਅਤੇ ਲਿੰਗਕ ਧਾਰਨਾਵਾਂ ਕਾਰਜਸ਼ੀਲ ਰਹਿੰਦੀਆਂ ਹਨ, ਭਾਵੇਂ ਨਵੀਂ ਪੀੜ੍ਹੀ ਦੀ ਔਰਤ ਆਪਣੀ ਸੁਤੰਤਰ ਪਛਾਣ ਅਤੇ ਜੀਵਨ-ਫ਼ੈਸਲਿਆਂ ਪ੍ਰਤੀ ਵਧੇਰੇ ਸੁਚੇਤ ਨਜ਼ਰ ਆਉਂਦੀ ਹੈ। ਧਾਲੀਵਾਲ ਆਪਣੇ ਨਾਰੀ ਪਾਤਰਾਂ ਨੂੰ ਨਿੱਜੀ ਪੀੜਾ ਤੋਂ ਉੱਪਰ ਉਠਾ ਕੇ ਆਪਣੀ ਹੋਂਦ, ਹੋਣੀ, ਅਧਿਕਾਰ ਅਤੇ ਸਮਾਜਿਕ ਭੂਮਿਕਾ ਪ੍ਰਤੀ ਸੁਚੇਤ ਸਰਗਰਮ ਧਿਰ ਵਜੋਂ ਸਥਾਪਿਤ ਕਰਦਾ ਹੈ।

ਸਮਕਾਲੀ ਪਰਵਾਸੀ ਪੰਜਾਬੀ ਨਾਵਲਕਾਰਾਂ ਵਿੱਚ ਇੱਕ ਚਰਚਿਤ ਨਾਂ ਸੰਤੋਖ ਧਾਲੀਵਾਲ ਹੈ। ਉਸ ਦੁਆਰਾ ਲਿਖੇ ਗਏ ਨਾਵਲ ਸਰਘੀ ਵਿੱਚ ਔਰਤ ਦੀ ਹੋਂਦ ਦੇ ਮਸਲੇ ਪੱਛਮੀ ਸਮਾਜ ਦੇ ਪ੍ਰਸੰਗ ਵਿੱਚ ਨਵੀਂ ਦ੍ਰਿਸ਼ਟੀ ਤੋਂ ਉੱਭਰਦੇ ਹਨ। ਸਰਘੀ

ਪੰਜਾਬੀ ਪਿਓ ਤੇ ਅੰਗਰੇਜ਼ ਮਾਂ ਦੀ ਵਿਆਹ ਬਾਹਰੀ ਔਲਾਦ ਹੈ, ਜਿਸਨੂੰ ਉਸਦਾ ਨਸਲਪ੍ਰਸਤ ਨਾਨਾ ਸਵੀਕਾਰ ਨਹੀਂ ਕਰਦਾ। ਇਸ ਕਾਰਨ ਉਸਦੀ ਪਾਲਣਾ ਪੈਸੇ ਦੇ ਕਿਸੇ ਪੰਜਾਬੀ ਪਰਿਵਾਰ ਕੋਲੋਂ ਕਰਾਈ ਜਾਂਦੀ ਹੈ। ਅਖੀਰ ਵਿੱਚ ਸਰਘੀ ਆਪਣੀ ਹੋਂਦ ਜਤਾਉਂਦੀ ਹੋਈ ਆਪਣਾ ਹੱਕ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਜਾਂਦੀ ਹੈ। ਇਸੇ ਤਰ੍ਹਾ ਨਕਸ਼ਦੀਪ ਪੰਜਕੋਹਾ ਦਾ ਨਾਵਲ ਗਿਰਵੀ ਹੋਏ ਮਨ ਇੱਕ ਅਜਿਹੀ ਅਫ਼ਰੀਕਣ ਔਰਤ ਦੁਆਲੇ ਘੁੰਮਦਾ ਹੈ ਜਿਹੜੀ ਪੰਜਾਬੀ ਪ੍ਰੇਮੀ ਨੂੰ ਪਾਉਣ ਲਈ ਸੰਘਰਸ਼ ਕਰਦੀ ਹੈ। ਬਲਵੀਰ ਕੌਰ ਸੰਘੇੜਾ ਨੇ ਆਪਣੇ ਨਾਵਲ ਜਾਲ ਰਾਹੀਂ ਕੈਨੇਡਾ ਵਿੱਚ ਰਹਿ ਰਹੀ ਪੰਜਾਬੀ ਔਰਤ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਇਹ ਨਾਵਲ ਵਿਕਸਤ ਸਮਾਜ ਵਿੱਚ ਔਰਤ ਦੀ ਹੋਣੀ ਨੂੰ ਬਿਆਨਦਾ ਹੈ। ਇਸ ਨਾਵਲ ਦੀ ਮੁੱਖ ਪਾਤਰ ਗੁਰਪ੍ਰੀਤ ਭਾਰਤੀ ਔਰਤ ਦਾ ਆਦਰਸ਼ਕ ਰੂਪ ਹੈ। ਸੰਘੇੜਾ ਨੇ ਇਸ ਨਾਵਲ ਵਿੱਚ ਔਰਤ ਦੀ ਚਿੰਤਾਜਨਕ ਸਥਿਤੀ ਨੂੰ ਪਰੰਪਰਾਗਤ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹੋਏ ਔਰਤ ਨੂੰ ਭਾਰਤੀ ਪਰੰਪਰਾਗਤ ਪ੍ਰਤਿਮਾਨਾਂ ਦੇ ਇਰਦ-ਗਿਰਦ ਹੀ ਰੱਖਿਆ ਹੈ।

ਇਹਨਾਂ ਪੰਜਾਬੀ ਨਾਵਲਕਾਰਾਂ ਦੇ ਨਾਵਲਾਂ ਵਿੱਚ ਪੇਸ਼ ਨਾਰੀ ਪਾਤਰਾਂ ਦਾ ਅਧਿਐਨ ਕਰਦਿਆ ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹਦੇ ਵਿੱਚ ਕਈ ਸ਼ੱਕ ਨਹੀਂ ਕਿ ਪੰਜਾਬੀ ਨਾਵਲ ਸ਼ੁਰੂ ਤੋਂ ਹੀ ਨਾਰੀ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸੰਬੋਧਿਤ ਜ਼ਰੂਰ ਹੁੰਦਾ ਰਿਹਾ ਹੈ। ਪੰਜਾਬੀ ਨਾਵਲ ਵਿੱਚ ਪੇਸ਼ ਨਾਰੀ ਪਾਤਰਾਂ ਦੇ ਰਾਹੀਂ ਨਾਰੀ ਦਾ ਬਹੁਪਰਤੀ ਤੇ ਬਹੁ-ਪਸਾਰੀ ਬਿੰਬ ਵੀ ਉੱਭਰਿਆ ਹੈ। ਸਮੇਂ ਦੀ ਤਬਦੀਲੀ ਨਾਲ ਔਰਤ ਦੀ ਜੀਵਨ ਸ਼ੈਲੀ ਵਿੱਚ ਜੋ ਪਰਿਵਰਤਨ ਵਾਪਰਿਆ, ਉਸਨੂੰ ਸਮਕਾਲੀ ਪੰਜਾਬੀ ਨਾਵਲ ਭਰਪੂਰ ਹੁੰਗਾਰਾ ਵੀ ਭਰ ਰਿਹਾ ਹੈ। ਸਮਕਾਲੀ ਪੰਜਾਬੀ ਨਾਵਲ ਦੀ ਖ਼ਾਸ ਗੱਲ ਇਹ ਹੈ ਕਿ ਇਸ ਤਬਦੀਲੀ ਨੂੰ ਮਰਦ ਲੇਖਕਾਂ ਨੇ ਵਧੇਰੇ ਸ਼ਿੱਦਤ ਨਾਲ ਉਭਾਰਿਆ ਹੈ। ਪਰ ਇਸ ਸਭ ਦੇ ਬਾਵਜੂਦ ਨਾਰੀ ਪਾਤਰਾਂ ਨੂੰ ਲੈ ਕੇ ਪੰਜਾਬੀ ਨਾਵਲ ਦੀਆਂ ਕੁਝ ਸੀਮਾਵਾਂ ਹਨ ਜਿਹਨਾਂ ਬਾਰੇ ਗੱਲ ਕਰਨੀ ਜ਼ਰੂਰੀ ਬਣਦੀ ਹੈ। ਸਭ ਤੋਂ ਪਹਿਲੀ ਸੀਮਾ ਤਾਂ ਇਹ ਹੈ ਕਿ ਪੰਜਾਬੀ ਨਾਵਲ ਵਿੱਚ ਪੇਸ਼ ਨਾਰੀ ਦਾ ਭਾਰੂ ਬਿੰਬ ਰਵਾਇਤੀ ਕਿਸਮ ਦਾ ਹੈ। ਜਿਹੋ ਜਿਹੀ ਔਰਤ ਪੇਸ਼ ਹੋਣੀ ਚਾਹੀਦੀ ਸੀ, ਉਹ ਪੇਸ਼ ਨਹੀਂ ਹੋਈ। ਬਹੁਤੇ ਨਾਵਲਾਂ ਵਿੱਚ ਔਰਤ ਇੱਕ ਸਹਾਇਕ ਪਾਤਰ ਦੇ ਤੌਰ ਤੇ ਹੀ ਪੇਸ਼ ਹੋਈ ਹੈ। ਭਾਰੂ ਰੂਪ ਵਿੱਚ ਨਾਰੀ ਪੰਜਾਬੀ ਨਾਵਲ ਵਿੱਚ ਕੇਂਦਰੀ ਪਾਤਰ ਨਹੀਂ ਬਣ ਸਕੀ। ਨਾਇਕਾ ਵਾਲੀ ਤਾਂ ਗੱਲ ਹੀ ਬਹੁਤ ਪਿੱਛੇ ਹੈ। ਸਮਕਾਲ ਵਿੱਚ ਰਚਨਾ ਕਰਨ ਵਾਲੇ ਸਾਡੇ ਕੁਝ ਮਰਦ ਨਾਵਲਕਾਰਾਂ ਨੇ ਵਰਤਮਾਨ ਦੌਰ ਦੀ ਉਸ ਆਜ਼ਾਦ ਔਰਤ ਦਾ ਬਿੰਬ ਪੇਸ਼ ਕੀਤਾ ਹੈ ਜੋ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਟੈਬੂਜ਼ ਨੂੰ ਤੋੜਦੀ ਹੈ। ਅਜਿਹਾ ਕਰਕੇ ਉਹਦੇ ਅੰਦਰ ਕੋਈ ਗਿਲਾਨੀ ਜਾਂ ਪਛਤਾਵੇ ਦਾ ਭਾਵ ਨਹੀਂ, ਪਰ ਸਾਡੀ ਕਿਸੇ ਨਾਰੀ ਨਾਵਲਕਾਰਾ ਨੇ ਅਜਿਹਾ ਬੋਲਡ ਪਾਤਰ ਪੇਸ਼ ਨਹੀਂ ਕੀਤਾ। ਮੈਨੂੰ ਕਿਸੇ ਨਾਰੀ ਨਾਵਲਕਾਰਾ ਦੁਆਰਾ ਸਿਰਜਿਆ ਅਜਿਹਾ ਸ਼ਸ਼ੱਕਤ ਪਾਤਰ ਨਹੀਂ ਮਿਲਿਆ ਜਿਹੜਾ ਸਾਡੇ ਸਮਾਜ ਦੀਆਂ ਦਕੀਆਨੂਸੀ ਕੀਮਤਾਂ ਸਾਹਮਣੇ ਵੰਗਾਰ ਬਣ ਕੇ ਖੜਾ ਹੋਵੇ। ਸਾਡੇ ਕੋਲ ਵੱਡੀ ਪ੍ਰਤਿਭਾ ਵਾਲਾ ਨਾਰੀ ਪਾਤਰ ਨਹੀਂ। ਔਰਤ ਨਾਵਲਕਾਰਾਂ ਨੇ ਸਮਾਜਿਕਤਾ ਦੇ ਪਰਦੇ ਥੱਲੇ ਨਾਰੀ ਨੂੰ ਚਿਤਰਿਆ ਹੈ। ਬਦਲਦੇ ਸਮੇਂ ਦੀ ਪੰਜਾਬੀ ਔਰਤ ਪੰਜਾਬੀ ਨਾਵਲ ਵਿੱਚ ਭਰਪੂਰ ਰੂਪ ਵਿੱਚ ਅਜੇ ਪੇਸ਼ ਨਹੀਂ ਹੋਈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਰਜਨੀਸ਼ ਬਹਾਦਰ ਸਿੰਘ (ਸੰਪਾ.), 2013, ਪੰਜਾਬੀ ਕਹਾਣੀ ਦੇ ਪਾਤਰ ਵਿਧੀ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 9*
2. *ਸਿੱਧੂ, ਡਾ. ਪਰਮਜੀਤ ਕੌਰ, 2013, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ: 74-75*
3. *ਗੁਰਚਰਨ ਸਿੰਘ, 1954, ਪੰਜਾਬੀ ਗਲਪਕਾਰ, ਹਿੰਦ ਪਬਲਿਸ਼ਰਜ਼ ਅੰਮ੍ਰਿਤਸਰ, ਪੰਨਾ: 204*
4. *ਸਿੱਧੂ, ਡਾ. ਪਰਮਜੀਤ ਕੌਰ, 2013, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ: 76-77*
5. *ਵਿਨੋਦ, ਟੀ. ਆਰ., 2000, ਗਲਪਕਾਰ ਗੁਰਦਿਆਲ ਸਿੰਘ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਪੰਨਾ: 141*
6. *ਸਿੱਧੂ, ਡਾ. ਪਰਮਜੀਤ ਕੌਰ, 2013, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ: 78-79*
7. *ਧਾਲੀਵਾਲ, ਡਾ. ਬਲਦੇਵ ਸਿੰਘ, 2007, ਪੰਜਾਬੀ ਨਾਵਲ-ਦ੍ਰਿਸ਼ਟੀ, ਯੂਨੀਸਟਾਰ ਬੁੱਕਸ, ਚੰਡੀਗੜ੍ਹ, ਪੰਨੇ: 101-102*
8. *ਡਾ. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010, ਪੰਨੇ: 146-147*
9. *ਬਾਵਾ, ਮਨਮੋਹਨ, 2008, ਅਫ਼ਗਾਨਿਸਤਾਨ ਦੀ ਉਰਸੁਲਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ: 85*
10. *ਧਾਲੀਵਾਲ, ਮਹਿੰਦਰਪਾਲ ਸਿੰਘ, 2020, ਸੋਫ਼ੀਆ, ਪੀਪਲਜ਼ ਫੋਰਮ ਬਰਗਾੜੀ, ਪੰਨਾ: 177*



### *Cite this Article-*

*ਡਾ. ਪਰਮਜੀਤ ਕੌਰ ਸਿੱਧੂ (Dr. Parmjeet Kaur Sidhu), ਪੰਜਾਬੀ ਨਾਵਲ ਦੇ ਨਾਰੀ ਪਾਤਰ : ਬਦਲਦੇ ਸੰਦਰਭ (Punjabi Naval De Nari Patar: Badlde Sandarbh), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 79-85.*

*Journal URL: www.armaan.org.in*

*DOI: https://doi.org/10.64119/armaan.vol.4.issue3.16*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/